रजिस्ट्री सं. : डी-221

Price : Rs. 4-00
REGISTERED NO. D-221
ਰਜਿਸਟਰੀ ਨੰ: ਡੀ-221

# भारत का राजपत्र
# The Gazette of India
# ਭਾਰਤ ਦਾ ਗੱਜ਼ਟ

असाधारण
EXTRAORDINARY
ਅਸਾਧਾਰਣ
भाग XIV-अनुभाग-1
PART-XIV-SECTION-1
ਭਾਗ-XIV-ਅਨੁਭਾਗ-1
प्राधिकार से प्रकाशित
PUBLISHED BY AUTHORITY
ਸੱਤਾ ਨਾਲ ਪ੍ਰਕਾਸ਼ਤ

| | | | | | |
|---|---|---|---|---|---|
| सं0 2] | नई दिल्ली, | मंगलवार, | 6 अक्तूबर, | 2020/14 आश्वन, 1942 | (शक) [खण्ड-XVI] |
| NO. 2] | NEW DELHI, | Tuesday, | 6 October, | 2020/14 ASVINA, 1942 | (SAKA) [VOL-XVI] |
| ਨੰ: 2] | ਨਵੀਂ ਦਿੱਲੀ, | ਮੰਗਲਵਾਰ, | 6 ਅਕਤੂਬਰ, | 2020/14 ਅੱਸੂ, 1942 | (ਸ਼ਕ) [ਜਿਲਦ-XVI] |

MINISTRY OF LAW AND JUSTICE
(LEGISLATIVE DEPARTMENT)

NEW DELHI, TUESDAY, OCTOBER 6, 2020/ 14 ASVINA, 1942 (SAKA)

The translation in Punjabi of (1) The Gram Nyayalayas Act, 2008, (2) The Land Ports Authority of India Act, 2010 and (3) The National Food Security Act, 2013 are hereby published under the authority of the President and shall be deemed to be the authoritative text thereof in Punjabi under clause (a) of Section 2 of the Authoritative Texts (Central Laws) Act, 1973 (50 of 1973).

ਕਾਨੂੰਨ ਅਤੇ ਨਿਆਂ ਮੰਤ੍ਰਾਲਾ
(ਵਿਧਾਨ ਵਿਭਾਗ)

ਨਵੀਂ ਦਿੱਲੀ, ਮੰਗਲਵਾਰ, 6 ਅਕਤੂਬਰ, 2020/14 ਅੱਸੂ, 1942 (ਸ਼ਕ)

(1) ਗ੍ਰਾਮ ਨਿਆਂਲੇ ਐਕਟ, 2008 (2) ਭਾਰਤੀ ਜ਼ਮੀਨੀ ਬੰਦਰਗਾਹ ਅਥਾਰਟੀ ਐਕਟ, 2010 ਅਤੇ (3) ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਦਾ ਪੰਜਾਬੀ ਅਨੁਵਾਦ ਰਾਸ਼ਟਰਪਤੀ ਦੀ ਸੱਤਾ ਅਧੀਨ ਇਸ ਦੁਆਰਾ ਪ੍ਰਕਾਸ਼ਤ ਕੀਤੇ ਜਾਂਦੇ ਹਨ ਅਤੇ ਸੱਤਾਯੁਕਤ ਪਾਠ (ਕੇਂਦਰੀ ਕਾਨੂੰਨ) ਐਕਟ, 1973 (1973 ਦਾ 50) ਦੀ ਧਾਰਾ 2 ਦੇ ਖੰਡ (ੳ) ਅਧੀਨ ਉਸ ਦਾ ਪੰਜਾਬੀ ਵਿੱਚ ਸੱਤਾਯੁਕਤ ਪਾਠ ਸਮਝੇ ਜਾਣਗੇ।

## ਭਾਰਤੀ ਜ਼ਮੀਨੀ ਬੰਦਰਗਾਹ ਅਥਾਰਟੀ ਐਕਟ, 2010

## (2010 ਦਾ ਐਕਟ ਨੰ: 31)

[31 ਅਗਸਤ, 2010]

ਭਾਰਤ ਦੀਆਂ ਅੰਤਰਰਾਸ਼ਟਰੀ ਸੀਮਾਵਾਂ ਦੇ ਨਾਲ ਨਾਲ ਨਾਮਤ ਸਥਾਨਾਂ ਤੇ ਅਵਸ਼ਕ ਸੁਰੱਖਿਆ ਅਤੇ ਮੁਸਾਫ਼ਰਾਂ ਅਤੇ ਮਾਲ ਦੀ ਸੀਮਾਪਾਰ ਆਵਾਜਾਈ ਲਈ ਸਹੂਲਤਾਂ ਦੇ ਵਿਕਾਸ ਅਤੇ ਪ੍ਰਬੰਧ ਦਾ ਬੰਦੋਬਸਤ ਕਰਨ ਵਾਲੀਆਂ ਪ੍ਰਣਾਲੀਆਂ ਦਾ ਇੰਤਜ਼ਾਮ ਕਰਨ ਦੇ ਲਈ ਭਾਰਤੀ ਜ਼ਮੀਨੀ ਬੰਦਰਗਾਹ ਅਥਾਰਟੀ ਨੂੰ ਸਥਾਪਤ ਕਰ ਸਕੇਗੀ ਅਤੇ ਉਸ ਨਾਲ ਸੰਬੰਧ ਰੱਖਦੇ ਜਾਂ ਉਸ ਦੇ ਨਾਲ ਅਨੁਸੰਗਕ ਮਾਮਲਿਆਂ ਦਾ ਉਪਬੰਧ ਕਰਨ ਲਈ ਐਕਟ।

ਭਾਰਤ ਗਣਰਾਜ ਦੇ ਇਕਾਹਠਵੇਂ ਸਾਲ ਵਿੱਚ ਸੰਸਦ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣਿਆ :-

### ਅਧਿਆਏ I

### ਪ੍ਰਾਰੰਭਕ

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਭਾਰਤੀ ਜ਼ਮੀਨੀ ਬੰਦਰਗਾਹ ਅਥਾਰਟੀ ਐਕਟ, 2010 ਕਿਹਾ ਜਾ ਸਕੇਗਾ।

(2) ਇਹ ਉਸ ਤਰੀਕ ਨੂੰ ਨਾਫ਼ਜ ਹੋਵੇਗਾ ਜੋ ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਨਿਯਤ ਕਰੇ ਅਤੇ ਇਸ ਐਕਟ ਦੇ ਵੱਖ-ਵੱਖ ਉਪਬੰਧਾਂ ਲਈ

ਵੱਖ-ਵੱਖ ਤਰੀਕਾਂ ਨਿਯਤ ਕੀਤੀਆਂ ਜਾ ਸਕਣਗੀਆਂ ਅਤੇ ਅਜਿਹੇ ਕਿਸੇ ਉਪਬੰਧ ਵਿੱਚ ਇਸ ਐਕਟ ਦੇ ਅਰੰਭ ਬਾਰੇ ਕਿਸੇ ਹਵਾਲੇ ਦਾ ਅਰਥ ਉਸ ਉਪਬੰਧ ਦੇ ਨਾਫ਼ਜ਼ ਹੋਣ ਦੇ ਹਵਾਲੇ ਵਜੋਂ ਕੱਢਿਆ ਜਾਵੇਗਾ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰਵੇਂ ਨਾ ਲੋੜੇ,--

(ੳ) "ਅਥਾਰਟੀ" ਦਾ ਮਤਲਬ ਹੈ ਧਾਰਾ 3 ਅਧੀਨ ਗਠਤ ਭਾਰਤੀ ਜ਼ਮੀਨੀ ਬੰਦਰਗਾਹ ਅਥਾਰਟੀ;

(ਅ) "ਚੇਅਰਪਰਸਨ" ਦਾ ਮਤਲਬ ਹੈ ਧਾਰਾ 3 ਦੀ ਉਪ-ਧਾਰਾ (3) ਦੇ ਖੰਡ (ੳ) ਅਧੀਨ ਨਿਯੁਕਤ ਅਥਾਰਟੀ ਦਾ ਚੇਅਰਪਰਸਨ;

1946 ਦਾ 31 (ੲ) "ਆਪਰਵਾਸ ਜਾਂਚ ਚੌਂਕੀ" ਦਾ ਮਤਲਬ ਹੈ ਵਿਦੇਸ਼ੀ ਐਕਟ, 1946 ਅਧੀਨ ਅਧਿਸੂਚਿਤ ਜ਼ਮੀਨ ਤੇ ਕੋਈ ਵੀ ਬੰਦਰਗਾਹ ਜਾਂ ਰਵਾਨਗੀ ਦਾ ਸਥਾਨ;

(ਸ) "ਏਕੀਕ੍ਰਿਤ ਜਾਂਚ ਚੌਂਕੀ" ਦਾ ਮਤਲਬ ਹੈ ਕੋਈ ਵੀ ਜ਼ਮੀਨੀ ਬੰਦਰਗਾਹ, ਜੋ ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ

ਦੁਆਰਾ, ਉਲਿਖਤ ਕਰੇ;

(ਹ) "ਜ਼ਮੀਨ ਮਸੂਲ ਸਟੇਸ਼ਨ" ਦਾ ਮਤਲਬ ਹੈ ਜ਼ਮੀਨ ਮਾਰਗ ਜਾਂ ਅੰਤਰਦੇਸ਼ੀ ਜਲ ਮਾਰਗ ਦੁਆਰਾ ਅਯਾਤ ਜਾਂ ਨਿਰਯਾਤ ਕੀਤੇ ਜਾਣ ਵਾਲੇ ਮਾਲ

1962 ਦਾ 52 ਦੇ ਨਿਕਾਸ ਲਈ ਸੀਮਾ ਮਸੂਲ ਐਕਟ, 1962 ਦੀ ਧਾਰਾ 7 ਦੀ ਉਪ-ਧਾਰਾ (1) ਦੇ ਖੰਡ (ਅ) ਅਧੀਨ ਕੇਂਦਰੀ ਸਰਕਾਰ ਦੁਆਰਾ ਅਜਿਹੇ ਤੌਰ ਤੇ ਅਧਿਸੂਚਿਤ ਕੋਈ ਸਥਾਨ;

(ਕ) "ਜ਼ਮੀਨੀ ਬੰਦਰਗਾਹ" ਦਾ ਮਤਲਬ ਹੈ ਭਾਰਤ ਦੀਆਂ ਅੰਤਰਰਾਸ਼ਟਰੀ ਸੀਮਾਵਾਂ ਉਤੇ ਅਜਿਹਾ ਖੇਤਰ ਜਿਸ ਵਿੱਚ ਸੀਮਾ ਮਸੂਲ ਐਕਟ,

1962 ਦਾ 52
1946 ਦਾ 31 1962 ਜਾਂ ਵਿਦੇਸ਼ੀ ਐਕਟ, 1946 ਅਧੀਨ ਅਧਿਸੂਚਿਤ ਜ਼ਮੀਨ ਮਸੂਲ ਸਟੇਸ਼ਨ ਜਾਂ ਆਪਰਵਾਸ ਜਾਂਚ ਚੌਕੀ ਅਤੇ ਰਾਸ਼ਟਰੀ ਰਾਜ ਮਾਰਗਾਂ, ਰਾਜ ਮਾਰਗਾਂ ਅਤੇ ਹੋਰ ਸੜਕਾਂ ਦੇ ਭਾਗ ਸ਼ਾਮਲ ਹਨ ਅਤੇ ਇਸ ਵਿੱਚ ਭਾਰਤ ਦੀਆਂ ਸੀਮਾਵਾਂ ਤੋਂ ਆਰ-ਪਾਰ ਮਾਲ ਅਤੇ

ਮੁਸਾਫ਼ਰਾਂ ਨੂੰ ਲਿਜਾਣ ਅਤੇ ਨਿਕਾਸ ਲਈ ਸਹੂਲਤਾਂ ਸਹਿਤ ਰੇਲ ਮਾਰਗ ਵੀ ਸ਼ਾਮਲ ਹਨ;

(ਖ) "ਅਧਿਸੂਚਨਾ" ਦਾ ਮਤਲਬ ਹੈ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੋਈ ਅਧਿਸੂਚਨਾ;

(ਗ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ; ਅਤੇ

(ਘ) "ਵਿਨਿਯਮ" ਦਾ ਮਤਲਬ ਹੈ ਅਥਾਰਟੀ ਦੁਆਰਾ ਇਸ ਐਕਟ ਅਧੀਨ ਬਣਾਏ ਗਏ ਵਿਨਿਯਮ;

## ਅਧਿਆਏ II

## ਭਾਰਤੀ ਜ਼ਮੀਨੀ ਬੰਦਰਗਾਹ ਅਥਾਰਟੀ

ਅਥਾਰਟੀ ਦਾ ਗਠਨ।

3. (1)ਉਸ ਤਰੀਕ ਤੋਂ ਜੋ ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਨਿਯਤ ਕਰੇ, ਭਾਰਤੀ ਜ਼ਮੀਨੀ ਬੰਦਰਗਾਹ ਅਥਾਰਟੀ ਵਜੋਂ ਜਾਣੀ ਜਾਂਦੀ ਇੱਕ ਅਥਾਰਟੀ ਗਠਤ ਕੀਤੀ ਜਾਵੇਗੀ।

(2) ਅਥਾਰਟੀ ਉਪਰੋਕਤ ਨਾਂ ਵਾਲੀ ਸਦੀਵੀ ਉੱਤਰ-ਅਧਿਕਾਰ ਅਤੇ ਸਾਂਝੀ ਮੁਹਰ ਵਾਲੀ ਇਕ ਨਿਗਮ ਬੌਡੀ ਹੋਵੇਗੀ, ਜਿਸ ਨੂੰ ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਚੱਲ ਅਤੇ ਅਚੱਲ ਦੋਵੇਂ ਤਰ੍ਹਾਂ ਦੀ ਸੰਪੱਤੀ ਪ੍ਰਾਪਤ ਕਰਨ, ਧਾਰਨ ਕਰਨ ਅਤੇ ਨਿਬੇੜਨ ਦੀ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(3) ਅਥਾਰਟੀ ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ :--

(ੳ) ਚੇਅਰਪਰਸਨ;

(ਅ) ਦੋ ਮੈਂਬਰ, ਜਿਨ੍ਹਾਂ ਵਿਚੋਂ ਇਕ ਮੈਂਬਰ (ਯੋਜਨਾ ਅਤੇ ਵਿਕਾਸ) ਅਤੇ ਦੂਜਾ ਮੈਂਬਰ (ਵਿੱਤ) ਹੋਵੇਗਾ;

(ੲ) ਵੱਧ ਤੋਂ ਵੱਧ ਨੌਂ ਮੈਂਬਰ, ਅਹੁਦੇ-ਕਾਰਨ, ਜੋ ਗ੍ਰਹਿ, ਵਿਦੇਸ਼ੀ ਮਾਮਲੇ, ਮਾਲ, ਵਣਜ, ਸੜਕ ਟਰਾਂਸਪੋਰਟ ਅਤੇ ਰਾਜ ਮਾਰਗ, ਰੇਲਵੇ, ਰੱਖਿਆ, ਖੇਤੀ ਅਤੇ ਸਹਿਕਾਰਤਾ, ਕਾਨੂੰਨ ਅਤੇ ਨਿਆਂ ਨਾਲ ਸੰਬੰਧਤ ਭਾਰਤ ਸਰਕਾਰ ਦੇ ਮੰਤਰਾਲਿਆਂ ਅਤੇ ਵਿਭਾਗਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਭਾਰਤ ਸਰਕਾਰ ਦੇ ਅਫ਼ਸਰਾਂ ਵਿੱਚੋਂ ਹੋਣਗੇ, ਜਿਨ੍ਹਾਂ ਦਾ

ਰੈਂਕ ਸੰਯੁਕਤ ਸਕੱਤਰ ਤੋਂ ਥੱਲੇ ਦਾ ਨਾ ਹੋਵੇ, ਕੇਂਦਰੀ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਣਗੇ;

(ਸ) ਸੰਬੰਧਤ ਰਾਜ, ਜਿਥੇ ਏਕੀਕ੍ਰਿਤ ਜਾਂਚ ਚੌਕੀਆਂ ਸਥਿੱਤ ਹਨ, ਦਾ ਮੁੱਖ ਸਕੱਤਰ ਜਾਂ ਉਸ ਦੁਆਰਾ ਨਾਮਜ਼ਦ ਵਿਅਕਤੀ ਜੋ ਸਕੱਤਰ ਦੇ ਰੈਂਕ ਥੱਲੇ ਦਾ ਨਾ ਹੋਵੇ;

(ਹ) ਦੋ ਪ੍ਰਤੀਨਿੱਧੀ, ਜਿੰਨ੍ਹਾਂ ਚੋਂ ਇੱਕ ਕਾਮਿਆਂ ਦੇ ਮਾਨਤਾ-ਪ੍ਰਾਪਤ ਸੰਗਠਨਾਂ ਵਿਚੋਂ ਹੋਵੇਗਾ ਅਤੇ ਦੂਜਾ ਵਪਾਰੀਆਂ ਵਿੱਚੋਂ ਹੋਵੇਗਾ ਜੋ ਕੇਂਦਰੀ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਣਗੇ; ਅਤੇ

(ਕ) ਅਜਿਹੇ ਹੋਰ ਪ੍ਰਤੀਨਿੱਧੀ ਜੋ ਕੇਂਦਰੀ ਸਰਕਾਰ ਕਾਰਜਕਾਰੀ ਮੰਤਵਾਂ ਲਈ ਕੋਆਪਟ ਕਰ ਸਕੇ।

(4) ਚੇਅਰਪਰਸਨ ਅਤੇ ਖੰਡ (ਅ) ਵਿੱਚ ਹਵਾਲੇ ਦਿੱਤੇ ਮੈਂਬਰ ਕੇਂਦਰੀ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਣਗੇ ਅਤੇ ਪੂਰਨ-ਕਾਲੀ ਮੈਂਬਰ ਹੋਣਗੇ।

(5) ਚੇਅਰਪਰਸਨ ਦੀ ਚੋਣ ਅਜਿਹੇ ਵਿਅਕਤੀਆਂ ਵਿੱਚੋਂ ਕੀਤੀ ਜਾਵੇਗੀ ਜੋ ਸੁਰੱਖਿਆ, ਟਰਾਂਸਪੋਰਟ, ਉਦਯੋਗ, ਵਣਜ, ਕਾਨੂੰਨ, ਵਿੱਤ ਜਾਂ ਲੋਕ ਪ੍ਰਸਾਸ਼ਨ ਦੇ ਖੇਤਰ ਦਾ ਵਿਸੇਸ਼ ਗਿਆਨ ਅਤੇ ਤਜਰਬਾ ਰੱਖਦੇ ਹੋਣ।

ਮੈਂਬਰ ਦੇ ਅਹੁਦੇ ਲਈ ਅਯੋਗਤਾ

4. ਕੋਈ ਵਿਅਕਤੀ, ਮੈਂਬਰ ਵਜੋਂ ਨਿਯੁਕਤ ਕੀਤੇ ਜਾਣ ਲਈ ਅਯੋਗ ਹੋਵੇਗਾ, ਜੇ --

(ੳ) ਉਸ ਨੂੰ ਅਜਿਹੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ਅਤੇ ਕੈਦ ਦਾ ਦੰਡ ਦਿੱਤਾ ਗਿਆ ਹੈ ਜੋ ਕੇਂਦਰੀ ਸਰਕਾਰ ਦੀ ਰਾਏ ਵਿੱਚ ਸਦਾਚਾਰਕ ਗਿਰਾਵਟ ਵਾਲਾ ਹੈ; ਜਾਂ

(ਅ) ਅਮੁਕਤ ਦੀਵਾਲੀਆ ਹੈ; ਜਾਂ

(ੲ) ਉਸ ਦਾ ਦਿਮਾਗੀ ਸੰਤੁਲਨ ਵਿਗੜਿਆ ਹੈ ਅਤੇ ਸਮਰੱਥ ਅਦਾਲਤ ਨੇ ਉਸ ਨੂੰ ਅਜਿਹਾ ਐਲਾਨਿਆ ਗਿਆ ਹੈ; ਜਾਂ

(ਸ) ਉਹ ਸਰਕਾਰ ਜਾਂ ਸਰਕਾਰ ਦੁਆਰਾ ਮਾਲਕੀ ਜਾਂ ਕੰਟਰੋਲ ਅਧੀਨ ਕਿਸੇ ਨਿਗਮ ਬੌਡੀ ਦੀ ਸੇਵਾ ਤੋਂ ਹਟਾਇਆ ਜਾਂ ਬਰਖਾਸਤ ਕੀਤਾ ਗਿਆ ਹੈ; ਜਾਂ

(ਹ) ਉਹ ਕੇਂਦਰੀ ਸਰਕਾਰ ਦੀ ਰਾਏ ਵਿੱਚ, ਅਥਾਰਟੀ ਵਿੱਚ ਅਜਿਹਾ ਵਿੱਤੀ ਜਾਂ ਹੋਰ ਹਿੱਤ ਰੱਖਦਾ ਹੈ ਜਿਸ ਨਾਲ ਮੈਂਬਰ ਵਜੋਂ ਉਸ ਦੁਆਰਾ ਆਪਣੇ ਕਾਜਕਾਰਾਂ ਦੇ ਨਿਭਾਉਣ ਤੇ ਪ੍ਰਤਿਕੂਲ ਪ੍ਰਭਾਵ ਪੈਣਾ ਸੰਭਾਵੀ ਹੈ।

ਮੈਂਬਰਾਂ ਦੀ ਸੇਵਾ ਦੇ ਅਹੁਦੇ ਦੀ ਅਉਧ ਅਤੇ ਸ਼ਰਤਾਂ।

5. (1) ਧਾਰਾ 6 ਦੇ ਉਪਬੰਧਾਂ ਦੇ ਤਾਬੇ, ਹਰਿਕ ਪੂਰਨ-ਕਾਲੀ ਮੈਂਬਰ ਉਸ ਤਰੀਕ ਤੋਂ, ਜਿਸ ਨੂੰ ਉਹ ਅਹੁਦਾ ਸੰਭਾਲਦਾ ਹੈ, ਪੰਜ ਸਾਲ ਦੀ ਮੁੱਦਤ ਦੇ ਲਈ ਜਾਂ ਸੱਠ ਸਾਲ ਦੀ ਉਮਰ ਹੋਣ ਤੱਕ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ, ਅਹੁਦਾ ਧਾਰਨ ਕਰੇਗਾ;

ਪਰੰਤੂ ਕੇਂਦਰੀ ਸਰਕਾਰ --

(ੳ) ਕਿਸੇ ਅਜਿਹੇ ਪੂਰਨ-ਕਾਲੀ ਮੈਂਬਰ ਦੀ ਨਿਯੁਕਤੀ, ਉਸ ਨੂੰ ਘੱਟੋ-ਘੱਟ ਤਿੰਨ ਮਹੀਨੇ ਦੀ ਮੁੱਦਤ ਦਾ ਨੋਟਿਸ ਦੇਣ ਪਿੱਛੋਂ ਜਾਂ ਉਸ ਦੇ ਬਦਲੇ ਵਿੱਚ ਉਸ ਦੀ ਤਿੰਨ ਮਹੀਨੇ ਦੀ ਮਦਦ ਦੀ ਤਨਖਾਹ ਅਤੇ ਭੱਤਿਆਂ

ਦੇ, ਜੋ ਕੋਈ ਹੋਣ, ਬਰਾਬਰ ਰਕਮ ਦੀ ਅਦਾਇਗੀ ਕਰਕੇ, ਸਮਾਪਤ ਕਰ ਸਕੇਗੀ;

(ਅ) ਅਜਿਹੇ ਕਿਸੇ ਮੈਂਬਰ ਦੀ ਨਿਯੁਕਤੀ, ਜੋ ਸਰਕਾਰ ਦਾ ਕਰਮਚਾਰੀ ਹੈ, ਕਿਸੇ ਵੀ ਸਮੇਂ ਸਮਾਪਤ ਕਰ ਸਕੇਗੀ।

(2) ਮੈਂਬਰਾਂ ਦੀਆਂ ਹੋਰ ਸੇਵਾ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਮੁਕੱਰਰ ਕੀਤੀਆਂ ਜਾਣ।

(3) ਕੋਈ ਮੈਂਬਰ ਕੇਂਦਰੀ ਸਰਕਾਰ ਨੂੰ ਅਜਿਹੀ ਮੁੱਦਤ ਦਾ, ਜੋ ਮੁਕੱਰਰ ਕੀਤੀ ਜਾਵੇ, ਲਿਖਤੀ ਰੂਪ ਵਿੱਚ ਨੋਟਿਸ ਦੇ ਕੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕੇਗਾ ਅਤੇ ਉਸ ਸਰਕਾਰ ਦੁਆਰਾ ਅਜਿਹੇ ਅਸਤੀਫ਼ੇ ਦੇ ਸਰਕਾਰੀ ਗਜ਼ਟ ਵਿੱਚ ਅਧਿਸੂਚਿਤ ਕੀਤੇ ਜਾਣ ਤੇ ਇਹ ਸਮਝਿਆ ਜਾਵੇਗਾ ਕਿ ਉਸ ਮੈਂਬਰ ਨੇ ਆਪਣਾ ਅਹੁਦਾ ਖ਼ਾਲੀ ਕਰ ਦਿੱਤਾ ਹੈ।

ਮੈਂਬਰਾਂ ਦੇ ਅਹੁਦੇ ਦਾ ਖ਼ਾਲੀ ਹੋਣਾ।

6. ਕੇਂਦਰੀ ਸਰਕਾਰ ਕਿਸੇ ਮੈਂਬਰ ਨੂੰ ਹਟਾ ਦੇਵੇਗੀ--

(ੳ) ਜੇ ਉਹ ਧਾਰਾ 4 ਵਿੱਚ ਜਿਕਰ ਕੀਤੀਆਂ ਅਯੋਗਤਾਵਾਂ ਵਿੱਚੋਂ ਕਿਸੇ ਦੇ ਤਾਬੇ ਹੋ ਜਾਂਦਾ ਹੈ:

ਪਰੰਤੂ ਕਿਸੇ ਮੈਂਬਰ ਨੂੰ ਇਸ ਅਧਾਰ ਤੇ ਕਿ ਉਹ ਉਸ ਧਾਰਾ ਦੇ ਖੰਡ (ਹ) ਵਿੱਚ ਜਿਕਰ ਕੀਤੀ ਅਯੋਗਤਾ ਦੇ ਤਾਬੇ ਹੋ ਗਿਆ ਹੈ, ਤੱਦ ਤੱਕ ਨਹੀਂ ਹਟਾਇਆ ਜਾਵੇਗਾ, ਜੱਦ ਤੱਕ ਉਸ ਨੂੰ ਉਸ ਮਾਮਲੇ ਵਿੱਚ ਸੁਣਵਾਈ ਦਾ ਵਾਜਬ ਅਵਸਰ ਨਾ ਦੇ ਦਿੱਤਾ ਗਿਆ ਹੋਵੇ; ਜਾਂ

(ਅ) ਜੇ ਉਹ ਕਾਰਜ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਕਾਰਜ ਵਿੱਚ ਅਸਮੱਰਥ ਹੋ ਜਾਂਦਾ ਹੈ; ਜਾਂ

(ੲ) ਜੇ ਉਹ ਅਥਾਰਟੀ ਤੋਂ ਗੈਰ-ਹਾਜ਼ਰੀ ਦੀ ਛੁੱਟੀ ਲਏ ਬਿਨਾਂ ਅਥਾਰਟੀ ਦੀਆਂ ਲਗਾਤਾਰ ਤਿੰਨ ਇਕੱਤਰਤਾਵਾਂ ਤੋਂ ਗੈਰ-ਹਾਜ਼ਰ ਰਹਿੰਦਾ ਹੈ; ਜਾਂ

(ਸ) ਜੇ ਉਸ ਨੇ ਕੇਂਦਰੀ ਸਰਕਾਰ ਦੀ ਰਾਏ ਵਿੱਚ ਆਪਣੀ ਪਦਵੀ ਦੀ ਅਜਿਹੀ ਦੁਰਵਰਤੋਂ ਕੀਤੀ ਹੈ ਜਿਸ ਨਾਲ ਉਸ ਦਾ ਅਹੁਦੇ ਤੇ ਰਹਿਣਾ ਲੋਕ ਹਿੱਤ ਲਈ ਹਾਨੀਕਾਰਕ ਹੈ;

ਪਰੰਤੂ ਇਸ ਖੰਡ ਦੇ ਅਧੀਨ ਮੈਂਬਰ ਤੱਦ ਤੱਕ ਨਹੀਂ ਹਟਾਇਆ ਜਾਵੇਗਾ ਜੱਦ ਤੱਕ ਉਸ ਨੂੰ ਉਸ ਮਾਮਲੇ ਵਿੱਚ ਸੁਣਵਾਈ ਦਾ ਵਾਜਬ ਅਵਸਰ ਨਾ ਦੇ ਦਿੱਤਾ ਗਿਆ ਹੋਵੇ।

ਮੁੜ-ਨਿਯੁਕਤੀ ਲਈ ਮੈਂਬਰ ਦੀ ਪਾਤਰਤਾ।

7. ਕੋਈ ਵੀ ਵਿਅਕਤੀ ਜੋ ਮੈਂਬਰ ਨਹੀਂ ਰਹਿ ਗਿਆ, ਜੇ ਉਹ ਧਾਰਾ 4 ਦੇ ਅਧੀਨ ਅਯੋਗ ਨਹੀਂ ਹੈ ਤਾਂ ਮੁੜ-ਨਿਯੁਕਤੀ ਲਈ ਪਾਤਰ ਹੋਵੇਗਾ।

ਇਕੱਤਰਤਾਵਾਂ।

੮. (1) ਅਥਾਰਟੀ ਦੀਆਂ ਇਕੱਤਰਤਾਵਾਂ ਅਜਿਹੇ ਸਮਿਆਂ ਅਤੇ ਥਾਵਾਂ ਤੇ ਹੋਣਗੀਆਂ ਅਤੇ ਉਹ ਆਪਣੀਆਂ ਇਕੱਤਰਤਾਵਾਂ ਵਿੱਚ ਕਾਰਜ ਦੇ ਨੇਪਰੇ ਚਾੜ੍ਹਨ. ਬਾਬਤ (ਜਿਸ ਵਿੱਚ ਅਜਿਹੀਆਂ ਇਕੱਤਰਤਾਵਾਂ ਦਾ ਕੋਰਮ ਸ਼ਾਮਲ ਹੈ) ਜ਼ਾਬਤੇ ਦੇ ਅਜਿਹੇ ਨਿਯਮਾਂ ਦੀ ਪਾਲਣਾ ਕਰੇਗੀ ਜਿੰਨ੍ਹਾਂ ਦਾ ਉਪਬੰਧ ਵਿਨਿਯਮਾਂ ਦੁਆਰਾ ਕੀਤਾ ਜਾਵੇ।

(2) ਚੇਅਰਪਰਸਨ ਜਾਂ, ਜੇ ਕਿਸੇ ਕਾਰਨ ਕਰਕੇ ਉਹ, ਅਥਾਰਟੀ ਦੀ ਕਿਸੇ ਇਕੱਤਰਤਾ ਵਿੱਚ ਹਾਜ਼ਰ ਹੋਣ ਵਿੱਚ ਅਸਮੱਰਥ ਹੈ, ਤਾਂ ਇਕੱਤਰਤਾ ਵਿੱਚ ਹਾਜ਼ਰ ਮੈਂਬਰਾਂ ਦੁਆਰਾ ਚੁਣਿਆ ਗਿਆ ਕੋਈ ਹੋਰ ਮੈਂਬਰ ਉਸ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ।

(3) ਅਥਾਰਟੀ ਦੀ ਕਿਸੇ ਇਕੱਤਰਤਾ ਅੱਗੇ ਆਉਣ ਵਾਲੇ ਸਭ ਸਵਾਲਾਂ ਦਾ ਫ਼ੈਸਲਾ ਹਾਜ਼ਰ ਅਤੇ ਵੋਟ ਪਾਉਣ ਵਾਲੇ ਮੈਂਬਰਾਂ ਦੀ ਬਹੁਗਿਣਤੀ ਨਾਲ ਕੀਤਾ ਜਾਵੇਗਾ, ਅਤੇ ਵੋਟਾਂ ਦੇ ਬਰਾਬਰ ਹੋਣ ਦੀ ਸੂਰਤ ਵਿੱਚ, ਚੇਅਰਪਰਸਨ ਦੀ ਜਾਂ ਉਸ ਦੀ ਗੈਰ-ਹਾਜ਼ਰੀ ਵਿੱਚ ਪ੍ਰਧਾਨਗੀ ਕਰਨ ਵਾਲੇ ਵਿਅਕਤੀ ਦੀ, ਦੂਜੀ ਜਾਂ ਨਿਰਣਾਇਕ ਵੋਟ ਹੋਵੇਗੀ ਅਤੇ ਉਹ ਉਸ ਦੀ ਵਰਤੋਂ ਕਰੇਗਾ।

ਖ਼ਾਲੀ ਥਾਂਵਾਂ, ਆਦਿ, ਕਾਰਨ ਅਥਾਰਟੀ ਦੀਆਂ ਕਾਰਵਾਈਆਂ ਦਾ ਨਾਜਾਇਜ਼ ਨਾ ਹੋਣਾ।

9. ਅਥਾਰਟੀ ਦਾ ਕੋਈ ਕਾਰਜ ਜਾਂ ਕਾਰਵਾਈ ਨਿਰਾ --

(ੳ) ਅਥਾਰਟੀ ਵਿੱਚ ਕਿਸੇ ਖ਼ਾਲੀ ਥਾਂ ਜਾਂ ਉਸ ਦੇ ਗਠਨ ਵਿੱਚ ਕਿਸੇ ਨੁਕਸ; ਜਾਂ

(ਅ) ਅਥਾਰਟੀ ਦੇ ਮੈਂਬਰ ਵਜੋਂ ਕਾਰਜ ਕਰਨ ਵਾਲੇ ਕਿਸੇ ਵਿਅਕਤੀ ਦੀ ਨਿਯੁਕਤੀ ਵਿੱਚ ਕਿਸੇ ਨੁਕਸ; ਜਾਂ

(ੲ) ਅਥਾਰਟੀ ਦੇ ਜ਼ਾਬਤੇ ਵਿੱਚ ਕਿਸੇ ਅਜਿਹੀ ਅਨਿਯਮਤਤਾ, ਜਿਸ ਨਾਲ ਮਾਮਲੇ ਦੇ ਗੁਣ-ਦੋਸ਼ ਤੇ ਪ੍ਰਭਾਵ ਨਹੀਂ ਪੈਂਦਾ, ਕਾਰਨ ਨਾਜਾਇਜ਼ ਨਹੀਂ ਹੋਵੇਗੀ।

ਅਥਾਰਟੀ ਦੇ ਅਫ਼ਸਰ ਅਤੇ ਹੋਰ ਕਰਮਚਾਰੀ।

10. (1) ਅਥਾਰਟੀ ਆਪਣੇ ਆਪ ਨੂੰ ਇਸ ਐਕਟ ਅਧੀਨ ਆਪਣੇ ਕਾਜਕਾਰ ਕੁਸ਼ਲਤਾ ਨਾਲ ਨਿਭਾਉਣ ਦੇ ਸਮੱਰਥ ਬਣਾਉਣ ਦੇ ਮੰਤਵ ਲਈ ਅਫ਼ਸਰ ਅਤੇ ਹੋਰ

ਕਰਮਚਾਰੀ ਜਿੰਨੇ ਉਹ ਜ਼ਰੂਰੀ ਸਮਝੇ, ਨਿਯੁਕਤ ਕਰ ਸਕੇਗੀ;

ਪਰੰਤੂ ਅਜਿਹੇ ਵਰਗ ਦੇ ਅਫ਼ਸਰਾਂ ਦੀ ਨਿਯੁਕਤੀ, ਜਿਵੇਂ ਉਲਿੱਖਤ ਕੀਤਾ ਜਾਵੇ, ਕੇਂਦਰੀ ਸਰਕਾਰ ਦੀ ਪਰਵਾਨਗੀ ਦੇ ਤਾਬੇ ਹੋਵੇਗੀ।

(2) ਅਥਾਰਟੀ ਦੁਆਰਾ ਨਿਯੁਕਤ ਕੀਤਾ ਗਿਆ ਹਰ ਇੱਕ ਅਫ਼ਸਰ ਜਾਂ ਹੋਰ ਕਰਮਚਾਰੀ, ਸੇਵਾ ਦੀਆਂ ਅਜਿਹੀਆਂ ਸ਼ਰਤਾਂ ਦੇ ਤਾਬੇ ਹੋਵੇਗਾ ਅਤੇ ਅਜਿਹੇ ਮਿਹਨਤਾਨੇ ਦਾ ਹੱਕਦਾਰ ਹੋਵੇਗਾ ਜੋ ਵਿਨਿਯਮਾਂ ਦੁਆਰਾ ਤੈਅ ਕੀਤਾ ਜਾਵੇ।

## ਅਧਿਆਏ III

## ਅਥਾਰਟੀ ਦੇ ਕਾਜਕਾਰ

ਅਥਾਰਟੀ ਦੇ ਕਾਜਕਾਰ।

11. (1) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਅਥਾਰਟੀ ਨੂੰ, ਭਾਰਤ ਦੀਆਂ ਅੰਤਰਰਾਸ਼ਟਰੀ ਸੀਮਾਵਾਂ ਦੇ ਨਾਂ ਨਾਲ ਨਾਮਤ ਸਥਾਨਾਂ ਤੇ ਮੁਸਾਫ਼ਰਾਂ ਅਤੇ ਮਾਲ ਦੀ ਸੀਮਾ ਪਾਰ ਆਵਾਜਾਈ ਲਈ ਸਹੂਲਤਾਂ ਦਾ ਵਿਕਾਸ, ਸਵੱਛ ਬਣਾਉਣ ਅਤੇ ਪ੍ਰਬੰਧ ਕਰਨ ਦੀਆਂ ਸ਼ਕਤੀਆਂ ਹੋਣਗੀਆਂ।

(2) ਉਪ-ਧਾਰਾ (1) ਵਿੱਚ ਦਰਜ ਉਪਬੰਧਾਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ ਅਥਾਰਟੀ--

(ੳ) ਸੀਮਾ ਉਤੇ ਏਕੀਕ੍ਰਿਤ ਜਾਂਚ ਚੌਂਕੀਆਂ ਦੀ ਸੁਰੱਖਿਆ ਸੰਬੰਧੀ ਜ਼ਰੂਰਤਾਂ ਨੂੰ ਪੂਰਾ ਕਰਨ ਵਾਲੀਆਂ ਪ੍ਰਣਾਲੀਆਂ ਸਥਾਪਤ ਕਰ ਸਕੇਗੀ;

(ਅ) ਕਿਸੇ ਏਕੀਕ੍ਰਿਤ ਜਾਂਚ ਚੌਂਕੀ ਤੇ, ਰਾਸ਼ਟਰੀ ਰਾਜ ਮਾਰਗਾਂ, ਰਾਜ ਦੇ ਰਾਜ ਮਾਰਗਾਂ ਅਤੇ ਰੇਲ ਮਾਰਗਾਂ ਤੋਂ ਬਿਨਾਂ ਹੋਰ ਸੜਕਾਂ, ਟਰਮੀਨਲਾਂ ਅਤੇ ਅਨੁਸੰਗਕ ਭਵਨਾਂ ਦੀ ਯੋਜਨਾਂ ਬਣਾ ਸਕੇਗੀ, ਉਨ੍ਹਾਂ ਦੀ ਉਸਾਰੀ ਅਤੇ ਉਨ੍ਹਾਂ ਨੂੰ ਕਾਇਮ ਰੱਖ ਸਕੇਗੀ;

(ੲ) ਕਿਸੇ ਏਕੀਕ੍ਰਿਤ ਜਾਂਚ ਚੌਂਕੀ ਤੇ ਸੰਚਾਰ, ਸੁਰੱਖਿਆ, ਮਾਲ ਚੁੱਕਣ ਧਰਨ ਅਤੇ ਸਕੈਨਿੰਗ ਉਪਕਰਣ ਦੀ ਯੋਜਨਾ ਬਣਾ ਸਕੇਗੀ, ਪ੍ਰਾਪਤ ਕਰ ਸਕੇਗੀ, ਲਗਾ ਸਕੇਗੀ ਅਤੇ ਕਾਇਮ ਰੱਖ ਸਕੇਗੀ;

(ਸ) ਆਪਰਵਾਸ, ਸੀਮਾ ਮਸੂਲ, ਸੁਰੱਖਿਆ, ਟੈਕਸ ਅਥਾਰਟੀਆਂ, ਜਾਨਵਰ ਅਤੇ ਪੌਦਾ ਵੱਖਰਾ ਰੱਖਣ, ਮਾਲ-ਗੁਦਾਮ, ਜਹਾਜੀਮਾਲ

ਅਤੇ ਯਾਤਰੀ ਸਮਾਨ ਪਰੀਖਿਆ ਯਾਰਡ, ਪਾਰਕਿੰਗ ਜੋਨਾਂ, ਬੈਂਕਾਂ, ਡਾਕਘਰਾਂ, ਸੰਚਾਰ ਸਹੂਲਤਾਂ, ਟੂਰਿਸਟ ਸੂਚਨਾ ਕੇਂਦਰਾਂ, ਉਡੀਕ ਹਾਲ, ਕੰਟੀਨ, ਜਲਪਾਨ ਸਟਾਲ, ਲੋਕ ਸਹੂਲਤਾਂ, ਸਿਹਤ ਅਤੇ ਅਜਿਹੀਆ ਹੋਰ ਸੇਵਾਵਾਂ ਜੋ ਜਰੂਰੀ ਸਮਝੀਆਂ ਜਾਣ, ਲਈ ਮੁਨਾਸਬ ਸਥਾਨ ਅਤੇ ਸਹੂਲਤਾਂ ਦਾ ਉਪਬੰਧ ਕਰ ਸਕੇਗੀ;

(ਹ) ਆਪਣੇ ਕਰਮਚਾਰੀਆਂ ਲਈ ਰਹਾਇਸ਼ੀ ਇਮਾਰਤਾਂ ਦੇ ਨਾਲ ਨਾਲ ਏਕੀਕ੍ਰਿਤ ਜਾਂਚ ਚੌਂਕੀਆਂ ਤੇ ਤੈਨਾਤ ਅਮਲੇ ਲਈ ਰਹਾਇਸ਼ੀ ਭਵਨਾਂ ਦੀ ਉਸਾਰੀ ਕਰ ਸਕੇਗੀ;

(ਕ) ਹੋਟਲਾਂ, ਰੈਸਟੋਰੈਂਟਾਂ ਅਤੇ ਅਰਾਮ ਘਰਾਂ ਨੂੰ ਸਥਾਪਤ ਕਰ ਸਕੇਗੀ ਅਤੇ ਉਨ੍ਹਾਂ ਨੂੰ ਕਾਇਮ ਰੱਖ ਸਕੇਗੀ;

(ਖ) ਮਾਲ ਦੇ ਸਟੋਰ ਕਰਨ ਜਾਂ ਪ੍ਰੋਸੈਸ ਕਰਨ ਲਈ ਮਾਲ-ਗੁਦਾਮ, ਪਾਤਰ ਡਿਪੂਆਂ ਅਤੇ ਜਹਾਜੀ ਮਾਲ ਕੰਪਲੈਕਸਾਂ ਨੂੰ ਸਥਾਪਤ ਕਰ ਸਕੇਗੀ

ਅਤੇ ਉਨ੍ਹਾਂ ਨੂੰ ਕਾਇਮ ਰੱਖ ਸਕੇਗੀ;

(ਗ) ਏਕੀਕ੍ਰਿਤ ਜਾਂਚ ਚੌਂਕੀਆਂ ਤੇ ਮੁਸਾਫ਼ਰਾਂ ਅਤੇ ਹੋਰ ਵਿਅਕਤੀਆਂ ਦੀ ਵਰਤੋਂ ਲਈ ਡਾਕ, ਧਨ ਵਟਾਂਦਰਾ, ਬੀਮਾ ਅਤੇ ਟੈਲੀਫ਼ੋਨ ਸਹੂਲਤਾਂ ਦਾ ਇੰਤਜ਼ਾਮ ਕਰ ਸਕੇਗੀ;

(ਘ) ਏਕੀਕ੍ਰਿਤ ਜਾਂਚ ਚੌਂਕੀਆਂ ਦੀ ਸੁਰੱਖਿਆ ਦੇ ਲਈ ਮੁਨਾਸਬ ਇੰਤਜ਼ਾਮ ਕਰ ਸਕੇਗੀ ਅਤੇ ਉਨ੍ਹਾਂ ਨਾਲ ਸੰਬੰਧਤ ਕਾਨੂੰਨ ਦੇ ਅਨੁਸਾਰ ਗੱਡੀਆਂ ਦੀ ਆਵਾਜਾਈ, ਮੁਸਾਫ਼ਰਾਂ ਅਤੇ ਮਾਲ ਦੇ ਪ੍ਰਵੇਸ਼ ਅਤੇ ਬਾਹਰ ਜਾਣ ਦੇ ਵਿਨਿਯਮ ਅਤੇ ਕੰਟਰੋਲ ਲਈ ਉਪਬੰਧ ਕਰ ਸਕੇਗੀ;

(ਙ) ਅੱਗ ਅਤੇ ਹੋਰ ਜੋਖਮਾਂ ਦੇ ਨਿਵਾਰਣ ਅਤੇ ਕੰਟਰੋਲ ਅਤੇ ਅਜਿਹੀਆਂ ਹੋਰ ਸਹੂਲਤਾਂ ਨੂੰ, ਜੋ ਜਰੂਰੀ ਸਮਝੀਆਂ ਜਾਣ, ਯਕੀਨੀ ਬਣਾ ਸਕੇਗੀ;

(ਚ) ਭਾਰਤ ਸਰਕਾਰ ਦੇ ਪ੍ਰੋਟੋਕਾਲ, ਸੁਰੱਖਿਆ ਅਤੇ ਕਾਨੂੰਨ ਦਾ ਯੋਗ ਧਿਆਨ ਰੱਖਦੇ ਹੋਏ ਏਕੀਕ੍ਰਿਤ ਜਾਂਚ ਚੌਂਕੀ ਵਿੱਚ ਗੱਡੀਆਂ ਦੀ ਆਵਾਜਾਈ ਅਤੇ ਮੁਸਾਫ਼ਰਾਂ, ਢੁਆਈ ਕਾਮਿਆਂ, ਚੁੱਕਣ ਧਰਨ ਏਜੰਟਾਂ, ਨਿਕਾਸੀ ਅਤੇ ਭਿਜਵਾਲ ਏਜੰਟ ਅਤੇ ਮਾਲ ਨੂੰ ਵਿਨਿਯਮਤ ਅਤੇ ਕੰਟਰੋਲ ਕਰ ਸਕੇਗੀ;

(ਛ) ਅਜਿਹੀਆਂ ਏਜੰਸੀਆਂ ਦੇ, ਜਿਨ੍ਹਾਂ ਨੂੰ ਤੱਤਸਮੇਂ ਨਾਫ਼ਜ਼ ਸੰਬੰਧਤ ਕਾਨੂੰਨ ਦੇ ਅਨੁਸਾਰ ਏਕੀਕ੍ਰਿਤ ਜਾਂਚ ਚੌਂਕੀਆਂ ਉੱਤੇ ਭਿੰਨ ਭਿੰਨ ਸਰਗਰਮੀਆਂ ਕਰਨ ਲਈ ਲਾਇਆ ਗਿਆ ਹੈ, ਕਾਜਕਾਰ ਵਿੱਚ ਤਾਲਮੇਲ ਕਰ ਸਕੇਗੀ ਅਤੇ ਉਸ ਨੂੰ ਸੁਵਿਧਾਜਨਕ ਬਣਾ ਸਕੇਗੀ;

(ਜ) ਏਕੀਕ੍ਰਿਤ ਜਾਂਚ ਚੌਂਕੀ ਦੇ ਸੰਬੰਧ ਵਿੱਚ ਭਾਰਤ ਵਿੱਚ ਅਤੇ ਵਿਦੇਸ਼ਾਂ ਵਿੱਚ ਮਸ਼ਵਰਾ, ਵਿਸਤਾਰ ਜਾਂ ਪ੍ਰਬੰਧਕੀ ਸੇਵਾਵਾਂ ਦਾ ਉਪਬੰਧ ਅਤੇ ਵਿਕਾਸ ਕਰਾ ਸਕੇਗੀ ਅਤੇ ਉਨ੍ਹਾਂ ਤੇ ਅਮਲ ਕਰ ਸਕੇਗੀ;

(ਝ) ਇਸ ਐਕਟ ਦੁਆਰਾ ਉਸ ਤੇ ਅਰੋਪੇ ਕਾਜਕਾਰਾਂ ਨੂੰ ਕੁਸ਼ਲਤਾ ਨਾਲ ਨਿਭਾਉਣ ਲਈ ਕੰਪਨੀ ਐਕਟ, 1956 ਜਾਂ ਕੰਪਨੀਆਂ ਨਾਲ ਸੰਬੰਧਤ ਕਿਸੇ ਹੋਰ ਕਾਨੂੰਨ ਅਧੀਨ ਇੱਕ ਜਾਂ ਵੱਧ ਕੰਪਨੀਆਂ ਬਣਾ ਸਕੇਗੀ;

1956 ਦਾ 1

(ਞ) ਅਜਿਹੇ ਸਭ ਕਦਮ ਚੁੱਕ ਸਕੇਗੀ ਜੋ ਇਸ ਐਕਟ ਦੁਆਰਾ ਅਥਾਰਟੀ ਨੂੰ ਪ੍ਰਦਾਨ ਕੀਤੀ ਕਿਸੇ ਸ਼ਕਤੀ ਦੀ ਵਰਤੋਂ ਜਾਂ ਉਸ ਤੇ ਅਰੋਪੇ ਕਿਸੇ ਕਾਜਕਾਰ ਦੇ ਨਿਭਾਉਣ ਲਈ ਜਰੂਰੀ ਜਾਂ ਮੁਨਾਸਬ ਹੋਣ ਜਾਂ ਉਨ੍ਹਾਂ ਨਾਲ ਅਨੁਸੰਗਕ ਹੋਣ:

ਪਰੰਤੂ ਅਥਾਰਟੀ ਦੇ ਪ੍ਰਭੂਤਾ-ਸੰਪੰਨ ਕਾਜਕਾਰ ਕਿਸੇ ਨਿੱਜੀ ਹਸਤੀ ਨੂੰ ਨਹੀਂ ਸੌਂਪੇ ਜਾਣਗੇ;

(ਟ) ਅਥਾਰਟੀ ਨੂੰ ਸੌਂਪੇ ਕਾਜਕਾਰਾਂ ਵਿੱਚੋਂ ਕਿਸੇ ਕਾਜਕਾਰ ਨੂੰ ਨਿਭਾਉਣ ਲਈ ਸੰਯੁਕਤ ਉਦਮ ਸਥਾਪਤ ਕਰ ਸਕੇਗੀ; ਅਤੇ

(ਠ) ਏਕੀਕ੍ਰਿਤ ਜਾਂਚ ਚੌਂਕੀ ਉਤੇ ਅਥਾਰਟੀ ਦੇ ਬਿਹਤਰੀਨ ਵਪਾਰਕ ਹਿੱਤਾਂ ਵਿੱਚ ਕੋਈ ਹੋਰ ਸਰਗਰਮੀ ਕਰ ਸਕੇਗੀ।

(3) ਅਥਾਰਟੀ, ਇਸ ਧਾਰਾ ਅਧੀਨ ਆਪਣੇ ਕਾਜਕਾਰ ਨਿਭਾਉਣ ਵਿੱਚ ਭਾਰਤ ਸਰਕਾਰ ਜਾਂ ਰਾਜ ਸਰਕਾਰ ਦੇ ਅਜਿਹੇ ਮੰਤਰਾਲੇ ਜਾਂ ਵਿਭਾਗ ਨਾਲ ਮਸ਼ਵਰਾ ਕਰ ਸਕੇਗੀ, ਜਿਵੇਂ ਉਹ ਜ਼ਰੂਰੀ ਸਮਝੇ ਅਤੇ ਜ਼ਮੀਨੀ ਬੰਦਰਗਾਹ ਦੇ ਵਿਕਾਸ ਅਤੇ ਅਜਿਹੀ ਸੇਵਾ ਦੀ ਕਾਰਜ-ਕੁਸ਼ਲਤਾ, ਅਰਥ-ਵਿਵਸਥਾ ਅਤੇ ਸੁਰੱਖਿਆ ਦਾ ਯੋਗ ਧਿਆਨ ਰੱਖੇਗੀ।

(4) ਇਸ ਧਾਰਾ ਵਿੱਚ ਦਰਜ ਕਿਸੇ ਗੱਲ ਦਾ ਇਹ ਅਰਥ ਨਹੀਂ ਕੱਢਿਆ ਜਾਵੇਗਾ ਕਿ ਉਹ--

(ੳ) ਅਥਾਰਟੀ ਨੂੰ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਦੀ ਪਰਵਾਹ ਨਾ ਕਰਨ ਲਈ ਅਖ਼ਤਿਆਰਤ ਕਰਦੀ ਹੈ; ਜਾਂ

(ਅ) ਕਿਸੇ ਵਿਅਕਤੀ ਨੂੰ ਕਿਸੇ ਅਜਿਹੇ ਕਰਤੱਵ ਜਾਂ ਦੇਣਦਾਰੀ ਬਾਰੇ, ਜਿਸ ਦੇ ਤਾਬੇ, ਅਥਾਰਟੀ ਜਾਂ ਉਸ ਦੇ ਅਫ਼ਸਰ ਜਾਂ ਹੋਰ ਕਰਮਚਾਰੀ ਹੋਰਵੇਂ ਨਾ ਹੋਣ, ਕੋਈ ਕਾਰਵਾਈ ਦਾਇਰ ਕਰਨ ਲਈ ਅਖ਼ਤਿਆਰਤ ਕਰਦੀ ਹੈ।

ਹੋਰ ਏਜੰਸੀਆਂ ਦੀਆਂ ਜ਼ਿੰਮੇਵਾਰੀਆਂ ਅਤੇ ਸ਼ਕਤੀਆਂ।

12. (1) ਭਾਰਤ ਦੀਆਂ ਸੀਮਾਵਾਂ ਤੇ ਤੈਨਾਤ ਕੀਤੇ ਗਏ ਸੰਬੰਧਤ ਸ਼ੀਮਾ ਸੁਰੱਖਿਆ ਬਲ ਕਿਸੇ ਏਕੀਕ੍ਰਿਤ ਜਾਂਚ ਚੌਂਕੀ ਦੇ ਆਲੇ ਦੁਆਲੇ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੋਣਗੇ।

(2) ਅਥਾਰਟੀ, ਕਿਸੇ ਏਕੀਕ੍ਰਿਤ ਜਾਂਚ ਚੌਂਕੀ ਤੇ ਸ਼ਾਂਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਦ ਕਦੇ ਇਸ ਤਰ੍ਹਾਂ ਕਰਨਾ ਜ਼ਰੂਰੀ ਸਮਝੇ, ਤਦ ਤੱਤਸਮੇਂ ਨਾਫ਼ਜ਼ ਕਾਨੂੰਨ ਦੇ ਉਪਬੰਧਾਂ ਦੇ ਅਨੁਸਾਰ ਸਸ਼ਤਰ ਬਲ, ਕੇਂਦਰੀ ਅਰਧ ਸੈਨਿਕ ਬਲ ਜਾਂ ਰਾਜ ਪੁਲਿਸ ਦੀ ਸਹਾਇਤਾ ਲੈ ਸਕੇਗੀ।

(3) ਸੀਮਾ ਮਸੂਲ, ਆਪਰਵਾਸ, ਕੁਰਾਟੀਨ ਅਤੇ ਹੋਰ ਕਰਮਚਾਰੀ ਅਥਾਰਟੀ ਦੇ ਕਾਜਕਾਰਾਂ ਨੂੰ ਪ੍ਰਭਾਵੀ ਤੌਰ ਤੇ ਨਿਭਾਉਣ ਲਈ ਉਸ ਨਾਲ ਤਾਲਮੇਲ ਕਰਨਗੇ।

(4) ਇਸ ਐਕਟ ਦੇ ਕਿਸੇ ਉਪਬੰਧ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੀਮਾ ਮਸੂਲ, ਆਪਰਵਾਸ, ਕੁਰਾਟੀਨ ਕਰਮਚਾਰੀ, ਸੀਮਾ ਰੱਖਿਆ ਬਲ ਅਤੇ ਪੁਲਿਸ, ਤੱਤਸਮੇਂ ਨਾਫ਼ਜ਼ ਕਾਨੂੰਨ ਦੇ ਅਨੁਸਾਰ ਆਪਣੇ ਕਰਤੱਵਾਂ ਨੂੰ ਨਿਭਾਉਣਗੇ।

## ਅਧਿਆਏ IV

## ਸੰਪੱਤੀ ਅਤੇ ਮੁਆਇਦਾ

ਧਨ-ਧਾਮ ਅਤੇ ਦੇਣਦਾਰੀਆਂ ਦਾ ਅਥਾਰਟੀ ਵਿੱਚ ਨਿਹਿਤ ਹੋਣਾ।

13. (1) ਧਾਰਾ 2 ਦੇ ਖੰਡ (ਸ) ਅਧੀਨ ਜਾਰੀ ਕੀਤੀ ਅਧਿਸੂਚਨਾ ਦੀ ਤਰੀਕ ਨੂੰ, ਅਜਿਹੇ ਸਭ ਧਨ-ਧਾਮ, ਅਧਿਕਾਰ, ਸ਼ਕਤੀਆਂ, ਅਥਾਰਟੀਆਂ ਅਤੇ ਵਿਸ਼ੇਸ਼ ਅਧਿਕਾਰ ਅਤੇ ਅਜਿਹੀ ਚੱਲ ਅਤੇ ਅਚੱਲ ਸੰਪੱਤੀ, ਵਾਸਤਵਿਕ ਜਾਂ ਨਿੱਜੀ, ਮੂਰਤ ਜਾਂ ਅਮੂਰਤ, ਵਰਤਮਾਨ ਜਾਂ ਸੰਭਾਵੀ ਕਿਸੇ ਵੀ ਪ੍ਰਕ੍ਰਿਤੀ ਦੀ, ਜਿਸ ਵਿੱਚ ਜ਼ਮੀਨ, ਭਵਨ, ਮਸ਼ੀਨਰੀ, ਉਪਕਰਣ, ਕੰਮਕਾਜ, ਵਰਕਸ਼ਾਪ ਨਕਦ ਬਕਾਇਆ, ਪੂੰਜੀ, ਰਾਖਵੇਂ, ਰਾਖਵੇਂ ਫ਼ੰਡ, ਨਿਵੇਸ਼, ਮੁਜਾਰੇਦਾਰੀਆਂ, ਹਾਨੀਆਂ ਅਤੇ ਬਹੀ ਰਿਣ, ਅਤੇ ਅਜਿਹੀ ਸੰਪੱਤੀ ਤੋਂ ਪੈਦਾ ਹੋਣ ਵਾਲੇ ਸਾਰੇ ਹੋਰ ਅਧਿਕਾਰ ਅਤੇ ਹਿੱਤ ਵੀ, ਜੋ ਉਸ ਅਧਿਸੂਚਨਾ ਦੇ ਜਾਰੀ ਕਰਨ ਤੋਂ ਤੁਰੰਤ ਪਹਿਲਾਂ, ਕਿਸੇ ਜ਼ਮੀਨੀ ਬੰਦਰਗਾਹ ਵਿੱਚ ਭਾਰਤ ਸਰਕਾਰ ਦੀ ਮਾਲਕੀ ਵਿੱਚ ਜਾਂ ਕਬਜੇ ਵਿੱਚ ਸੀ, ਜੋ ਕੇਂਦਰੀ ਸਰਕਾਰ ਅਜਿਹੀ ਅਧਿਸੂਚਨਾ ਵਿਚ ਉਲਿੱਖਤ ਕਰੇ, ਅਥਾਰਟੀ ਵਿੱਚ ਨਿਹਿਤ ਹੋਵੇਗੀ ਅਤੇ ਅਜਿਹੇ ਨੀਹਿਤ ਹੋਣ ਵਿੱਚ, ਸਭ ਉਧਾਰਾਂ, ਦੇਣਦਾਰੀਆਂ ਅਤੇ ਬਾਂਧਾ ਨੂੰ ਵੀ, ਭਾਵੇਂ ਉਹ ਕਿਸੇ ਵੀ ਪ੍ਰਕਾਰ ਦੇ ਹੋਣ, ਸ਼ਾਮਲ ਸਮਝਿਆ ਜਾਵੇਗਾ।

(2) ਉਪ-ਧਾਰਾ (1) ਅਧੀਨ ਅਧਿਸੂਚਨਾ ਅਜਿਹੀ ਸੂਰਤ ਵਿੱਚ ਜਿੱਥੇ ਅਜਿਹੀਆਂ ਸੰਪੱਤੀਆਂ, ਅਜਿਹੇ ਮੰਤਰਾਲਿਆਂ ਜਾਂ ਵਿਭਾਗਾਂ ਦੀ ਮਾਲਕੀ ਜਾਂ ਕੰਟਰੋਲ ਵਿੱਚ ਹਨ, ਭਾਰਤ ਸਰਕਾਰ ਦੇ ਸੰਬੰਧਤ ਮੰਤਰਾਲਿਆਂ ਜਾਂ ਵਿਭਾਗਾਂ ਦੀ ਸਹਿਮਤੀ ਪਿੱਛੋਂ ਹੀ ਜਾਰੀ ਕੀਤੀ ਜਾਵੇ ਗੀ।

ਅਥਾਰਟੀ ਦੀਆਂ ਜ਼ਿੰਮੇਵਾਰੀਆਂ ਦੇ ਨਿਹਿਤ ਹੋਣ ਦੇ ਸਧਾਰਣ ਪ੍ਰਭਾਵ।

14. ਧਾਰਾ 2 ਦੇ ਖੰਡ (ਸ), ਅਧੀਨ ਜਾਰੀ ਕੀਤੀ ਗਈ ਅਤੇ ਜ਼ਮੀਨੀ ਬੰਦਰਗਾਹ ਨੂੰ ਪ੍ਰਭਾਵਤ ਕਰਨ ਵਾਲੀ ਅਧਿਸੂਚਨਾ ਦੀ ਤਰੀਕ ਤੋਂ ਤੁਰੰਤ ਪਹਿਲਾਂ ਕਾਇਮ ਸਾਰੇ ਮੁਆਇਦੇ, ਕਰਾਰ ਅਤੇ ਕੰਮਕਾਰ ਦੇ ਇੰਤਜ਼ਾਮਾਂ ਦਾ ਅਥਾਰਟੀ ਦੀ ਬਾਬਤ ਪੂਰਾ ਬਲ ਅਤੇ ਪ੍ਰਭਾਵ ਹੋਵੇਗਾ।

ਗਰੰਟੀ ਦਾ ਅਮਲ ਵਿੱਚ ਰਹਿਣਾ।

15. ਕਿਸੇ ਰਿਣ, ਪਟੇ ਜਾਂ ਵਿੱਤ ਬਾਰੇ ਜ਼ਮੀਨ ਸੀਮਾ ਮਸੂਲ ਕੇਂਦਰਾਂ ਜਾਂ ਆਪਰਵਾਸ ਜਾਂਚ ਚੌਕੀਆਂ ਲਈ ਜਾਂ ਉਨ੍ਹਾਂ ਦੇ ਪੱਖ ਵਿੱਚ ਦਿੱਤੀ ਗਈ ਕੋਈ ਗਰੰਟੀ, ਅਜਿਹੇ ਕੇਂਦਰਾਂ ਜਾਂ ਜਾਂਚ ਚੌਕੀਆਂ ਦੇ ਸੰਬੰਧ ਵਿੱਚ ਅਮਲਸ਼ੀਲ ਰਹੇਗੀ ਜੋ ਇਸ ਐਕਟ ਦੇ ਕਾਰਣ ਅਥਾਰਟੀ ਵਿੱਚ ਨਿਹਿਤ ਕੀਤੇ ਗਏ ਹਨ।

ਅਥਾਰਟੀ ਲਈ ਜ਼ਮੀਨ ਦੀ ਅਵਸ਼ਕ ਪ੍ਰਾਪਤੀ।

1956 ਦਾ 48

16. ਅਥਾਰਟੀ ਦੁਆਰਾ ਇਸ ਐਕਟ ਅਧੀਨ ਆਪਣੇ ਕਾਜਕਾਰ ਨਿਭਾਉਣ ਲਈ ਲੋੜੀਂਦੀ ਕਿਸੇ ਜ਼ਮੀਨ ਬਾਰੇ ਇਹ ਸਮਝਿਆ ਜਾਵੇਗਾ ਕਿ ਉਸ ਦੀ ਕਿਸੇ ਲੋਕ ਮੰਤਵ ਲਈ ਜ਼ਰੂਰਤ ਹੈ ਅਤੇ ਰਾਸ਼ਟਰੀ ਰਾਜ ਮਾਰਗ ਐਕਟ, 1956 ਦੇ ਉਪਬੰਧ ਜਾਂ ਤੱਤਸਮੇਂ ਨਾਫ਼ਜ਼

ਕਿਸੇ ਹੋਰ ਕਾਨੂੰਨ ਦੇ ਅਧੀਨ ਅਥਾਰਟੀ ਲਈ ਅਜਿਹੀ ਜ਼ਮੀਨ ਪ੍ਰਾਪਤ ਕੀਤੀ ਜਾ ਸਕੇਗੀ।

ਅਥਾਰਟੀ ਦੁਆਰਾ ਮੁਆਇਦੇ।

17. ਧਾਰਾ 18 ਦੇ ਉਪਬੰਧਾਂ ਦੇ ਤਾਬੇ, ਅਥਾਰਟੀ ਇਸ ਐਕਟ ਅਧੀਨ ਆਪਣੇ ਕਾਜਕਾਰ ਨਿਭਾਉਣ ਲਈ ਜ਼ਰੂਰੀ ਕੋਈ ਮੁਆਇਦਾ ਕਰਨ ਅਤੇ ਉਸ ਦੀ ਪਾਲਣਾ ਕਰਨ ਦੇ ਲਈ ਸ਼ਕਤਵਾਨ ਹੋਵੇਗੀ।

ਅਥਾਰਟੀ। ਵੱਲੋਂ ਕੀਤੇ ਮੁਆਇਦਿਆਂ ਦੀ ਤਾਲਮੇਲ ਕਰਨ ਦੀ ਵਿੱਧੀ।

18. (1) ਅਥਾਰਟੀ ਵੱਲੋਂ ਕੀਤਾ ਹਰਿਕ ਮੁਆਇਦਾ, ਚੇਅਰਪਰਸਨ ਦੁਆਰਾ ਜਾਂ ਅਜਿਹੇ ਅਫ਼ਸਰ ਦੁਆਰਾ ਕੀਤਾ ਜਾਵੇਗਾ, ਜਿਸ ਨੂੰ ਅਥਾਰਟੀ ਆਮ ਤੌਰ ਤੇ ਜਾਂ ਵਿਸ਼ੇਸ਼ ਤੌਰ ਤੇ ਇਸ ਬਾਰੇ ਸ਼ਕਤੀ ਦੇਵੇ ਅਤੇ ਅਜਿਹੇ ਮੁਆਇਦਿਆਂ ਤੇ, ਜੋ ਵਿਨਿਯਮਾਂ ਵਿੱਚ ਉਲਿਖਤ ਕੀਤੇ ਜਾਣ, ਅਥਾਰਟੀ ਦੀ ਸਾਂਝੀ ਮੁਹਰ ਲਾਈ ਜਾਵੇਗੀ:

ਪਰੰਤੂ ਉੱਨੇ ਮੁੱਲ ਜਾਂ ਰਕਮ ਤੋਂ ਵੱਧ, ਜਿੰਨੀ ਕੇਂਦਰੀ ਸਰਕਾਰ ਹੁਕਮ ਦੁਆਰਾ ਇਸ ਬਾਰੇ ਨਿਯਤ ਕਰੇ, ਕੋਈ ਮੁਆਇਦਾ ਤਦ ਤੱਕ ਨਹੀਂ ਕੀਤਾ ਜਾਵੇਗਾ ਜਦ ਤੱਕ ਕੇਂਦਰੀ ਸਰਕਾਰ ਦੁਆਰਾ ਉਸ ਦੀ ਪੂਰਵ ਪਰਵਾਨਗੀ ਨਾ ਦੇ ਦਿੱਤੀ ਗਈ ਹੋਵੇ:

ਪਰੰਤੂ ਇਹ ਹੋਰ ਕਿ ਅਚੱਲ ਸੰਪੱਤੀ ਦੀ ਪ੍ਰਾਪਤੀ ਜਾਂ ਵਿਕਰੀ ਲਈ ਜਾਂ ਅਜਿਹੀ ਕਿਸੇ ਸੰਪੱਤੀ ਦੇ ਤੀਹ ਸਾਲ ਤੋਂ ਵੱਧ ਅਉਧ ਤੇ ਪੱਟੇ ਲਈ ਕੋਈ ਮੁਆਇਦਾ ਅਤੇ ਉਨ੍ਹੇ ਮੁੱਲ ਜਾਂ ਰਕਮ ਤੋਂ ਜਿੰਨੀ ਕੇਂਦਰੀ ਸਰਕਾਰ ਹੁਕਮ ਦੁਆਰਾ ਇਸ ਬਾਰੇ ਨਿਯਤ ਕਰੇ, ਵੱਧ ਰਕਮ ਦਾ

ਕੋਈ ਹੋਰ ਮੁਆਇਦਾ ਤਦ ਤੱਕ ਨਹੀਂ ਕੀਤਾ ਜਾਵੇਗਾ ਜਦ ਤੱਕ ਕੇਂਦਰੀ ਸਰਕਾਰ ਦੁਆਰਾ ਉਸ ਦੀ ਪੂਰਵ ਪਰਵਾਨਗੀ ਨਾ ਦੇ ਦਿੱਤੀ ਗਈ ਹੋਵੇ।

(2) ਉਪ-ਧਾਰਾ (1) ਦੇ ਉਪਬੰਧਾਂ ਦੇ ਤਾਬੇ, ਇਸ ਐਕਟ ਅਧੀਨ ਕੀਤੇ ਜਾਣ ਵਾਲੇ ਮੁਆਇਦੇ ਦਾ ਫ਼ਾਰਮ ਅਤੇ ਤਰੀਕਾ ਅਜਿਹਾ ਹੋਵੇਗਾ ਜੋ ਵਿਨਿਯਮਾਂ ਦੁਆਰਾ ਉਪਬੰਧ ਕੀਤਾ ਜਾਵੇ।

(3) ਕੋਈ ਮੁਆਇਦਾ, ਜੋ ਇਸ ਐਕਟ ਦੇ ਉਪਬੰਧਾਂ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਨਹੀਂ ਹੈ, ਅਥਾਰਟੀ ਤੇ ਬੰਧਨਕਾਰੀ ਨਹੀਂ ਹੋਵੇਗੀ।

## ਅਧਿਆਏ V

## ਵਿੱਤ, ਲੇਖੇ ਅਤੇ ਆਡਿਟ

ਅਥਾਰਟੀ ਦੀ ਫ਼ੀਸ, ਕਿਰਾਇਆ ਆਦਿ ਵਸੂਲ ਕਰਨ ਦੀ ਸ਼ਕਤੀ ।।

19. ਅਥਾਰਟੀ, ਅਜਿਹੀ ਫ਼ੀਸ ਜਾਂ ਕਿਰਾਇਆ, ਜੋ ਕਿਸੇ ਹੋਰ ਐਕਟ ਅਧੀਨ ਕਾਨੂੰਨੀ ਤੌਰ ਤੇ ਨਹੀਂ ਲਗਾਇਆ ਗਿਆ ਹੈ, ਤੈਅ ਅਤੇ ਵਸੂਲ ਕਰ ਸਕੇਗੀ, ਜਿਸ ਨੂੰ ਹਰਿਕ ਏਕੀਕ੍ਰਿਤ ਜਾਂਚ ਚੌਂਕੀ ਲਈ ਵੱਖਰੇ ਤੌਰ ਤੇ ਹੇਠ-ਲਿਖਿਆਂ ਨਾਲ ਸੰਬੰਧਤ ਫ਼ੀਸਾਂ ਵਿੱਚ ਵਿਨਿਯਮਨਾਂ ਦੁਆਰਾ ਉਪਬੰਧ ਕੀਤਾ ਜਾਵੇ, --

(ੳ) ਜਹਾਜੀਮਾਲ ਚੁੱਕਣ ਧਰਨ, ਮਾਲ-ਗੁਦਾਮ, ਟਰੱਕਾਂ ਦੀ ਪਾਰਕਿੰਗ ਜਾਂ ਕਿਸੇ ਹੋਰ ਸੇਵਾ ਜਾਂ ਸਹੂਲਤ ਜੋ ਟਰਾਂਸਪੋਰਟ ਅਮਲ ਦੇ ਸੰਬੰਧ ਵਿੱਚ ਦਿੱਤੀ ਜਾਵੇ;

(ਅ) ਮੁਸਾਫ਼ਰਾਂ ਦੀਆਂ ਗੱਡੀਆਂ ਦੀ ਪਾਰਕਿੰਗ ਅਤੇ ਮੁਸਾਫ਼ਰਾਂ ਅਤੇ ਵਿਜ਼ੀਟਰਾਂ ਨੂੰ ਦਿੱਤੀਆਂ ਗਈਆਂ ਹੋਰ ਸੁਵਿਧਾਵਾਂ; ਅਤੇ

(ੲ) ਅਥਾਰਟੀ ਦੁਆਰਾ ਉਪਲੱਬਧ ਕਰਾਈਆਂ ਗਈਆਂ ਸਹੂਲਤਾਂ ਅਤੇ ਹੋਰ ਸੇਵਾਵਾਂ ਦੇ ਫ਼ਾਇਦਾ ਲੈਣ ਲਈ।

ਕੇਂਦਰੀ ਸਰਕਾਰ ਦੁਆਰਾ ਅਥਾਰਟੀ ਨੂੰ ਅਤਿਰਿਕਤ ਪੂੰਜੀ ਅਤੇ ਗਰਾਂਟਾਂ।

20. ਕੇਂਦਰੀ ਸਰਕਾਰ ਸੰਸਦ ਦੁਆਰਾ ਇਸ ਬਾਰੇ ਕਾਨੂੰਨ ਦੁਆਰਾ ਕੀਤੇ ਨਮਿੱਤਣ ਪਿੱਛੋਂ, --

(ੳ) ਕੋਈ ਪੂੰਜੀ, ਜੋ ਅਥਾਰਟੀ ਦੁਆਰਾ ਇਸ ਐਕਟ ਅਧੀਨ ਆਪਣੇ ਕਾਜਕਾਰ ਮੰਤਵ ਲਈ ਜਾਂ ਉਸ ਨਾਲ ਸੰਬੰਧਤ ਕਿਸੇ ਮੰਤਵ ਲਈ, ਲੋੜੀਂਦੀ ਹੋਵੇ, ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਜੋ ਉਹ ਸਰਕਾਰ ਤੈਅ ਕਰੇ ਉਪਬੰਧ ਕਰਾ ਸਕੇਗੀ;

(ਅ) ਅਥਾਰਟੀ ਨੂੰ, ਅਜਿਹੇ ਨਿਬੰਧਨ ਅਤੇ ਸ਼ਰਤਾਂ ਤੇ ਜੋ ਕੇਂਦਰੀ ਸਰਕਾਰ ਤੈਅ ਕਰੇ, ਕਰਜਿਆਂ ਜਾਂ ਗਰਾਂਟਾਂ ਦੇ ਤੌਰ ਤੇ ਅਜਿਹੀਆਂ ਰਕਮਾਂ ਅਦਾ ਕਰ ਸਕੇਗੀ ਜੋ ਉਹ ਸਰਕਾਰ ਇਸ ਐਕਟ ਅਧੀਨ ਉਸ ਦੇ ਕਾਜਕਾਰ ਕੁਸ਼ਲਤਾ ਨਾਲ ਨਿਭਾਉਣ ਲਈ ਜ਼ਰੂਰੀ ਸਮਝੇ;

ਅਥਾਰਟੀ ਦੇ ਫ਼ੰਡ ਅਤੇ ਉਨ੍ਹਾਂ ਦਾ ਨਿਵੇਸ਼।

21. (1) ਅਥਾਰਟੀ ਆਪਣਾ ਫ਼ੰਡ ਸਥਾਪਤ ਕਰ ਸਕੇਗੀ ਅਤੇ ਅਥਾਰਟੀ ਦੀਆਂ ਸਭ ਪ੍ਰਾਪਤ ਰਕਮਾਂ ਉਸ ਵਿੱਚ ਜਮ੍ਹਾਂ ਕੀਤੀਆਂ ਜਾਣਗੀਆਂ ਅਤੇ ਅਥਾਰਟੀ ਦੀਆਂ ਸਭ ਅਦਾਇਗੀਆਂ ਉਸ ਵਿੱਚੋਂ ਕੀਤੀਆਂ ਜਾਣਗੀਆਂ।

(2) ਅਥਾਰਟੀ ਨੂੰ ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਅਥਾਰਟੀ ਦੇ ਸਭ ਪ੍ਰਸ਼ਾਸ਼ਨਿਕ ਖ਼ਰਚੇ ਪੂਰੇ ਕਰਨ ਲਈ ਅਤੇ ਇਸ ਐਕਟ ਦੁਆਰਾ ਅਖ਼ਤਿਆਰਤ ਮੰਤਵਾਂ ਲਈ ਉਨ੍ਹੀਆਂ ਰਕਮਾਂ ਖ਼ਰਚ ਕਰਨ ਦੀ ਸ਼ਕਤੀ ਹੋਵੇਗੀ ਜਿੰਨੀਆਂ ਉਹ ਠੀਕ ਸਮਝੇ, ਅਤੇ ਅਜਿਹੀਆਂ ਰਕਮਾਂ ਨੂੰ ਅਥਾਰਟੀ ਦੇ ਫ਼ੰਡ ਵਿਚੋਂ ਕੀਤਾ ਗਿਆ ਖ਼ਰਚ ਸਮਝਿਆ ਜਾਵੇਗਾ।

(3) ਅਥਾਰਟੀ ਦੇ ਨਾਂ ਤੇ ਜਮ੍ਹਾਂ ਉਹ ਸਭ ਧਨ, ਜੋ ਉਪ-ਧਾਰਾ (2) ਵਿੱਚ ਉਪਬੰਧਾਂ ਅਨੁਸਾਰ ਤੁਰੰਤ ਵਰਤਿਆ ਨਹੀਂ ਜਾ ਸਕਿਆ ਹੇਠ- ਲਿਖੇ ਅਨੁਸਾਰ ਰੱਖਿਆ ਜਾਵੇਗਾ ---

(ੳ) ਭਾਰਤੀ ਸਟੇਟ ਬੈਂਕ ਜਾਂ ਕਿਸੇ ਅਜਿਹੇ ਅਨੁਸੂਚਿਤ ਬੈਂਕ ਜਾਂ ਬੈਂਕਾਂ ਵਿੱਚ ਜਾਂ ਹੋਰ ਲੋਕ ਵਿੱਤੀ ਸੰਸਥਾਵਾਂ ਵਿੱਚ ਅਜਿਹੀਆਂ ਸ਼ਰਤਾਂ ਦੇ ਤਾਬੇ, ਜੋ ਕੇਂਦਰੀ ਸਰਕਾਰ ਦੁਆਰਾ ਸਮੇਂ ਸਮੇਂ ਤੇ ਉਲਿਖਤ ਕੀਤੀਆਂ ਜਾਣ, ਜਮ੍ਹਾਂ ਕਰਾਇਆ ਜਾਵੇਗਾ;

(ਅ) ਕੇਂਦਰੀ ਸਰਕਾਰ ਦੀਆਂ ਸਿਕਿਉਰਟੀਆਂ ਵਿੱਚ ਜਾਂ ਅਜਿਹੇ ਤਰੀਕੇ ਨਾਲ ਜਿਵੇਂ ਮੁਕੱਰਰ ਕੀਤਾ ਜਾਵੇ, ਨਿਵੇਸ਼ ਕੀਤਾ ਜਾਵੇਗਾ।

ਵਿਆਖਿਆ, -ਇਸ ਉਪ-ਧਾਰਾ ਵਿੱਚ "ਅਨੁਸੂਚਿਤ ਬੈਂਕ" ਦਾ ਉਹੀ ਅਰਥ ਹੈ ਜੋ ਭਾਰਤੀ ਰਿਜ਼ਰਵ ਬੈਂਕ ਐਕਟ, 1934 ਦੀ ਧਾਰਾ 2 ਦੇ ਖੰਡ (ਹ) ਵਿੱਚ ਹੈ।

1934 ਦਾ 2

ਵਾਧੂ ਫੰਡਾ ਦਾ ਟਿੱਕਣ।

22. (1) ਅਥਾਰਟੀ, ਕਿਸੇ ਏਕੀਕ੍ਰਿਤ ਜਾਂਚ ਚੌਕੀ ਤੇ ਮੌਜੂਦਾ ਸੁਵਿਧਾਵਾਂ ਜਾਂ ਸੇਵਾਵਾਂ ਦੇ ਵਿਸਤਾਰ ਜਾਂ ਨਵੀਆਂ ਸੁਵਿਧਾਵਾਂ ਜਾਂ ਸੇਵਾਵਾਂ ਦੇ ਸਿਰਜਨ ਦੇ ਮੰਤਵ ਜਾਂ ਅਸਥਾਈ ਕਾਰਣਾਂ ਕਰਕੇ ਖ਼ਰਚ ਦੇ ਵਾਧੇ ਜਾਂ ਕਿਸੇ ਕੁਦਰਤੀ ਆਫ਼ਤ ਜਾਂ ਦੁਰਘਟਨਾ ਤੋਂ ਹੋਈ ਹਾਨੀ ਜਾਂ ਨੁਕਸਾਨ ਤੋਂ ਉਤਪੰਨ ਹੋਏ ਖ਼ਰਚ ਦੇ ਪ੍ਰਤੀਸਥਾਪਨ ਦੇ ਮੰਤਵਾਂ ਜਾਂ ਇਸ ਐਕਟ

ਅਧੀਨ ਆਪਣੇ ਕਾਜਕਾਰਾਂ ਦੇ ਨਿਭਾਉਣ ਵਿੱਚ ਕਿਸੇ ਉਕਾਈ ਜਾਂ ਕਾਰਜ ਕਰਨ ਤੋਂ ਉਤਪੰਨ ਕਿਸੇ ਉਤਰ-ਦਾਇਤਾ ਦੀ ਪੂਰਤੀ ਦੇ ਲਈ, ਸਮੇਂ ਸਮੇਂ ਤੇ ਉਨ੍ਹੀ ਰਕਮ, ਜਿੰਨੀ ਉਹ ਠੀਕ ਸਮਝੇ, ਰਾਖਵੇਂ ਫੰਡ ਜਾਂ ਫੰਡਾ ਦੇ ਰੂਪ ਵਿੱਚ ਵੱਖਰੀ ਰੱਖ ਸਕੇਗੀ :

ਪਰੰਤੂ ਅਥਾਰਟੀ ਨੂੰ ਉਲਿੱਖਤ ਮੰਤਵਾਂ ਦੇ ਲਈ ਉਲਿੱਖਤ ਰਾਖਵੇਂ ਫੰਡ ਸਥਾਪਤ ਕਰਨ ਦੀ ਵੀ ਸ਼ਕਤੀ ਹੋਵੇਗੀ:

ਪਰੰਤੂ ਇਹ ਹੋਰ ਕਿ ਵਿਸ਼ੇਸ਼ ਅਤੇ ਰਾਖਵੇਂ ਫੰਡਾਂ ਵਿੱਚੋਂ ਹਰੇਕ ਦੇ ਜਾਂ ਕਿਸੇ ਦੇ ਬਾਰੇ ਸਾਲ ਦੇ ਸਾਲ ਅੱਡ ਰੱਖੀਆਂ ਗਈਆਂ ਰਕਮਾਂ ਅਤੇ ਕਿਸੇ ਇੱਕ ਸਮੇਂ ਅਜਿਹੀਆਂ ਰਕਮਾਂ ਦਾ ਕੁੱਲ ਜੋੜ ਉਨ੍ਹਾਂ ਸੀਮਾਵਾਂ ਤੋਂ ਵੱਧ ਨਹੀਂ ਹੋਵੇਗਾ ਜੋ ਕੇਂਦਰੀ ਸਰਕਾਰ ਦੁਆਰਾ ਇਸ ਬਾਰੇ, ਸਮੇਂ ਸਮੇਂ ਤੇ, ਨਿਯਤ ਕੀਤਾ ਜਾਵੇ।

(2) ਅਜਿਹੇ ਰਾਖਵੇਂ ਫੰਡ ਜਾਂ ਫੰਡਾ ਲਈ ਅਤੇ ਡੁੱਬੇ ਅਤੇ ਗ਼ੈਰ-ਯਕੀਨੀ ਰਿਣਾਂ, ਧਨ-ਧਾਮ ਦੇ ਮੁੱਲ ਘਾਟੇ ਅਤੇ ਅਜਿਹੀਆਂ ਹੋਰ ਸਭ ਗੱਲਾਂ ਲਈ ਜਿੰਨ੍ਹਾਂ ਲਈ ਕੰਪਨੀ ਐਕਟ,
1956 ਦਾ 1 1956 ਅਧੀਨ ਰਜਿਸਟਰਸਸ਼ੁਦਾ ਅਤੇ ਨਿਗਮਤ ਕੰਪਨੀਆਂ ਦੁਆਰਾ ਆਮ ਤੌਰ ਤੇ ਉਪਬੰਧ ਕੀਤਾ ਜਾਂਦਾ ਹੈ, ਉਪਬੰਧ ਕਰਨ ਪਿੱਛੋਂ, ਅਥਾਰਟੀ ਆਪਣੇ ਸਾਲਾਨਾ ਨਿਰੋਲ ਲਾਭਾਂ ਦਾ

ਬਕਾਇਆ, ਕੇਂਦਰੀ ਸਰਕਾਰ ਨੂੰ ਅਦਾ ਕਰੇਗੀ।

ਸਰਗਰਮੀਆਂ ਦੇ ਪ੍ਰੋਗਰਾਮਾਂ ਅਤੇ ਵਿੱਤੀ ਅਨੁਮਾਨਾਂ ਦਾ ਪੇਸ਼ ਕੀਤਾ ਜਾਣਾ।

23. ਅਥਾਰਟੀ, ਹਰੇਕ ਵਿੱਤੀ ਸਾਲ ਦੇ ਅਰੰਭ ਤੋਂ ਪਹਿਲਾਂ, ਆਉਣ ਵਾਲੇ ਵਿੱਤੀ ਸਾਲ ਦੇ ਦੌਰਾਨ ਦੀਆਂ ਆਪਣੀਆਂ ਸਰਗਰਮੀਆਂ ਦੇ ਪ੍ਰੋਗਰਾਮਾਂ ਦਾ ਵਿਵਰਣ ਅਤੇ ਉਨ੍ਹਾਂ ਬਾਰੇ ਵਿੱਤੀ ਅਨੁਮਾਨ ਤਿਆਰ ਕਰੇਗੀ, ਅਤੇ ਉਸ ਨੂੰ ਕੇਂਦਰੀ ਸਰਕਾਰ ਦੀ ਪਰਵਾਨਗੀ ਦੇ ਲਈ ਪੇਸ਼ ਕਰੇਗੀ।

ਅਥਾਰਟੀ ਦੀਆਂ ਉਧਾਰ ਲੈਣ ਦੀਆਂ ਸ਼ਕਤੀਆਂ।

24. (1) ਅਥਾਰਟੀ, ਇਸ ਐਕਟ ਦੇ ਅਧੀਨ ਆਪਣੇ ਸਭ ਜਾਂ ਕੋਈ ਕਾਜਕਾਰ ਨਿਭਾਉਣ ਲਈ, ਕੇਂਦਰੀ ਸਰਕਾਰ ਦੀ ਸੰਮਤੀ ਨਾਲ ਜਾਂ ਕੇਂਦਰੀ ਸਰਕਾਰ ਦੁਆਰਾ ਉਸ ਨੂੰ ਦਿੱਤੀ ਗਈ ਕਿਸੇ ਆਮ ਜਾਂ ਵਿਸ਼ੇਸ਼ ਅਥਾਰਟੀ ਦੇ ਨਿਬੰਧਨਾਂ ਦੀ ਅਨੁਸਾਰਤਾ ਵਿੱਚ, ਬਾਂਡ, ਡਿਬੈਂਚਰ ਜਾਂ ਅਜਿਹੀਆਂ ਹੋਰ ਲਿਖਤਾਂ, ਜੋ ਉਹ ਠੀਕ ਸਮਝੇ, ਜਾਰੀ ਕਰਕੇ ਕਿਸੇ ਵੀ ਸੋਮੇ ਤੋਂ ਧਨ ਉਧਾਰ ਲੈ ਸਕੇਗੀ।

(2) ਕੇਂਦਰੀ ਸਰਕਾਰ ਅਥਾਰਟੀ ਦੁਆਰਾ ਉਪ-ਧਾਰਾ (1) ਦੇ ਅਧੀਨ ਲਏ ਗਏ ਕਰਜਿਆਂ ਬਾਰੇ ਮੂਲਧਨ ਦੀ ਵਾਪਸ-ਅਦਾਇਗੀ ਅਤੇ ਉਸ ਤੇ ਵਿਆਜ ਦੀ ਅਦਾਇਗੀ ਨੂੰ ਅਜਿਹੇ ਤਰੀਕੇ ਨਾਲ ਗਰੰਟੀ ਦੇ ਸਕੇਗੀ, ਜੋ ਉਹ ਠੀਕ ਸਮਝੇ।

(3) ਅਥਾਰਟੀ ਅਜਿਹੀਆਂ ਸੀਮਾਵਾਂ ਦੇ ਤਾਬੇ, ਜੋ ਕੇਂਦਰੀ ਸਰਕਾਰ ਸਮੇਂ ਸਮੇਂ ਤੇ ਨਿਯਤ ਕਰੇ, ਇਸ ਐਕਟ ਅਧੀਨ ਆਪਣੇ ਕਾਜਕਾਰ ਨਿਭਾਉਣ ਲਈ ਲੋੜੀਂਦੀਆਂ ਰਕਮਾਂ ਓਵਰਡਰਾਫ਼ਟ ਦੇ ਤੌਰ ਤੇ ਜਾਂ ਹੋਰਵੇਂ ਅਸਥਾਈ ਰੂਪ ਵਿੱਚ ਉਧਾਰ ਲੈ ਸਕੇਗੀ।

ਲੇਖੇ ਅਤੇ ਆਡਿਟ।

25. (1) ਅਥਾਰਟੀ ਉਚਿਤ ਲੇਖੇ ਅਤੇ ਹੋਰ ਸੁਸੰਗਤ ਰਿਕਾਰਡ ਰੱਖੇਗੀ ਅਤੇ ਲੇਖਿਆਂ ਦਾ ਇੱਕ ਸਾਲਾਨਾ ਵਿਵਰਣ, ਜਿਸ ਦੇ ਵਿੱਚ ਲਾਭ ਅਤੇ ਹਾਨ ਲੇਖਾ ਅਤੇ ਸੰਤੁਲਨ-ਪੱਤਰ ਵੀ ਸ਼ਾਮਲ ਹਨ, ਅਜਿਹੇ ਫ਼ਾਰਮ ਵਿੱਚ ਤਿਆਰ ਕਰੇਗੀ, ਜੋ ਕੇਂਦਰੀ ਸਰਕਾਰ ਦੁਆਰਾ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ-ਜਨਰਲ ਦੇ ਮਸ਼ਵਰੇ ਨਾਲ ਮੁਕੱਰਰ ਕੀਤਾ ਜਾਵੇ।

(2) ਅਥਾਰਟੀ ਲੇਖਿਆਂ ਦਾ ਆਡਿਟ ਹਰ ਸਾਲ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ-ਜਨਰਲ ਦੁਆਰਾ ਕੀਤਾ ਜਾਵੇਗਾ ਅਤੇ ਉਸ ਦੁਆਰਾ ਅਜਿਹੇ ਆਡਿਟ ਨਾਲ ਸੰਬੰਧਤ ਉਠਾਏ ਗਏ ਕਿਸੇ ਖ਼ਰਚ ਦੀ, ਅਥਾਰਟੀ ਦੁਆਰਾ ਉਸ ਨੂੰ ਪ੍ਰਤਿਪੂਰਤੀ ਕੀਤੀ ਜਾਵੇ ਗੀ।

(3) ਭਾਰਤ ਦੇ ਕੰਪਟਰੋਲਰ ਅਤੇ ਆਡੀਟਰ-ਜਨਰਲ ਦੇ ਅਤੇ ਅਥਾਰਟੀ ਦੇ ਲੇਖਿਆਂ ਦੇ ਆਡਿਟ ਨਾਲ ਸੰਬੰਧਤ ਉਸ ਦੁਆਰਾ ਨਿਯੁਕਤ ਕੀਤੇ ਕਿਸੇ ਵਿਅਕਤੀ ਦੇ ਅਜਿਹੇ ਆਡਿਟ ਨਾਲ ਸੰਬੰਧਤ ਉਹੀ ਅਧਿਕਾਰ ਅਤੇ ਵਿਸ਼ੇਸ਼-ਅਧਿਕਾਰ ਅਤੇ ਅਥਾਰਟੀ ਹੋਵੇਗੀ ਜੋ ਕੰਪਟਰੋਲਰ ਅਤੇ ਆਡੀਟਰ-ਜਨਰਲ ਦੇ ਸਰਕਾਰੀ ਲੇਖਿਆਂ ਦੇ ਆਡਿਟ ਕਰਨ ਨਾਲ ਸੰਬੰਧਤ ਹੁੰਦੀ ਹੈ, ਅਤੇ ਖ਼ਾਸ ਕਰਕੇ, ਉਸ ਨੂੰ ਕਿਤਾਬਾਂ, ਲੇਖਿਆਂ, ਸੰਬੰਧਤ ਵਾਊਚਰਾਂ, ਦਸਤਾਵੇਜ਼ਾਂ ਅਤੇ

ਕਾਗਜਾਂ ਦੇ ਪੇਸ਼ ਕੀਤੇ ਜਾਣ ਦੀ ਮੰਗ ਕਰਨ ਅਤੇ ਅਥਾਰਟੀ ਦੇ ਦਫ਼ਤਰਾਂ ਵਿਚੋਂ ਕਿਸੇ ਦਾ ਨਿਰੀਖਣ ਕਰਨ ਦਾ ਅਧਿਕਾਰ ਹੋਵੇਗਾ।

(4) ਅਥਾਰਟੀ ਦੇ ਲੇਖੇ ਜਿਵੇਂ ਉਹ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ-ਜਨਰਲ ਦੁਆਰਾ ਜਾਂ ਇਸ ਬਾਰੇ ਉਸ ਦੁਆਰਾ ਨਿਯੁਕਤ ਕੀਤੇ ਕਿਸੇ ਹੋਰ ਵਿਅਕਤੀ ਦੁਆਰਾ ਪ੍ਰਮਾਣਿਤ ਕੀਤੇ ਜਾਣ, ਉਨ੍ਹਾਂ ਦੇ ਸਮੇਤ ਆਡਿਟ ਰਿਪੋਟ ਦੇ ਹਰ ਸਾਲ ਕੇਂਦਰੀ ਸਰਕਾਰ ਨੂੰ ਭੇਜੇ ਜਾਣਗੇ ਅਤੇ ਉਹ ਸਰਕਾਰ ਉਨ੍ਹਾਂ ਨੂੰ ਸੰਸਦ ਦੇ ਦੋਹਾਂ ਸਦਨਾਂ ਅੱਗੇ ਰੱਖਵਾਏਗੀ।

## ਅਧਿਆਏ VI

## ਫੁਟਕਲ

ਸਾਲਾਨਾ ਰਿਪੋਟ ਦਾ ਪੇਸ਼ ਕੀਤਾ ਜਾਣਾ।

26. (1) ਹਰੇਕ ਵਿੱਤੀ ਸਾਲ ਦੇ ਅੰਤ ਪਿੱਛੋ ਜਿੰਨੀ ਛੇਤੀ ਹੋ ਸਕੇ, ਅਥਾਰਟੀ ਉਸ ਵਿੱਤੀ ਸਾਲ ਦੌਰਾਨ ਆਪਣੀਆਂ ਸਰਗਰਮੀਆਂ ਦਾ ਵਰਣਨ ਦਿੰਦੇ ਹੋਏ, ਮੁਕੱਰਰ ਫ਼ਾਰਮ ਵਿੱਚ, ਇਕ ਰਿਪੋਟ ਤਿਆਰ ਕਰੇਗੀ ਅਤੇ ਉਸ ਨੂੰ ਕੇਂਦਰੀ ਸਰਕਾਰ ਅੱਗੇ ਪੇਸ਼ ਕਰੇਗੀ ਅਤੇ ਇਸ ਰਿਪੋਟ ਵਿੱਚ ਉਨ੍ਹਾਂ ਸਰਗਰਮੀਆਂ ਦਾ ਵਰਣਨ ਦਿੱਤਾ ਜਾਵੇਗਾ, ਜੋ ਅਥਾਰਟੀ ਦੁਆਰਾ,

ਅਗਲੇ ਵਿੱਤੀ ਸਾਲ ਦੌਰਾਨ ਹੱਥ ਵਿੱਚ ਲਈਆਂ ਜਾਣੀਆਂ ਸੰਭਾਵੀ ਹੋਣ।

(2) ਕੇਂਦਰੀ ਸਰਕਾਰ ਅਜਿਹੀ ਰਿਪੋਟ ਪੇਸ਼ ਕੀਤੇ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਉਸ ਨੂੰ ਸੰਸਦ ਦੇ ਦੋਹਾਂ ਸਦਨਾਂ ਅੱਗੇ ਰਖਵਾਏਗੀ।

ਡੈਲੀਗੇਟ ਕਰਨਾ।

27. ਅਥਾਰਟੀ, ਆਮ ਜਾਂ ਵਿਸ਼ੇਸ਼ ਲਿਖਤੀ ਹੁਕਮ ਦੁਆਰਾ, ਇਸ ਐਕਟ ਦੇ ਅਧੀਨ ਅਪਣੀਆਂ ਸ਼ਕਤੀਆਂ ਅਤੇ ਕਾਜਕਾਰਾਂ ਵਿੱਚੋਂ (ਧਾਰਾ 35 ਦੇ ਅਧੀਨ ਸ਼ਕਤੀਆਂ ਦੇ ਸਿਵਾਏ) ਉਹ ਸ਼ਕਤੀਆਂ ਅਤੇ ਕਾਜਕਾਰਾਂ ਜਿੰਨਾ ਦਾ ਡੈਲੀਗੇਟ ਕਰਨਾ, ਉਹ ਜਰੂਰੀ ਸਮਝੇ, ਚੇਅਰਪਰਸ਼ਨ ਜਾਂ ਕਿਸੇ ਹੋਰ ਮੈਂਬਰ ਨੂੰ ਜਾਂ ਅਥਾਰਟੀ ਦੇ ਕਿਸੇ ਅਫ਼ਸਰ ਨੂੰ ਅਜਿਹੀਆਂ ਸ਼ਰਤਾਂ ਅਤੇ ਬੰਦਸ਼ਾਂ ਦੇ ਤਾਬੇ, ਜੇ ਕੋਈ ਹੋਣ, ਜੋ ਹੁਕਮ ਵਿੱਚ ਉਲਿੱਖਤ ਕੀਤੇ ਜਾਣ, ਡੈਲੀਗੇਟ ਕਰ ਸਕੇਗੀ।

ਅਥਾਰਟੀ ਦੇ ਹੁਕਮਾਂ ਅਤੇ ਹੋਰ ਲਿਖਤਾਂ ਦਾ ਪ੍ਰਮਾਣੀਕ ਕਰਨਾ।

28. ਅਥਾਰਟੀ ਦੇ ਸਭ ਹੁਕਮ ਅਤੇ ਫ਼ੈਸਲੇ ਚੇਅਰਪਰਸਨ ਜਾਂ ਕਿਸੇ ਹੋਰ ਮੈਂਬਰ ਦੇ, ਜੋ ਅਥਾਰਟੀ ਦੁਆਰਾ ਇਸ ਬਾਰੇ ਅਖ਼ਤਿਆਰਤ ਕੀਤਾ ਗਿਆ ਹੋਵੇ, ਦਸ਼ਤਖਤ ਦੁਆਰਾ ਪ੍ਰਮਾਣੀਕ ਕੀਤੇ ਜਾਣਗੇ ਅਤੇ ਅਥਾਰਟੀ ਦੁਆਰਾ ਤਕਮੀਲੀਆਂ ਗਈਆਂ ਹੋਰ ਸਭ ਲਿਖਤਾਂ ਅਥਾਰਟੀ ਦੇ ਕਿਸੇ ਅਫ਼ਸਰ ਦੇ, ਜੋ ਅਥਾਰਟੀ ਦੁਆਰਾ ਇਸ ਬਾਰੇ ਅਖ਼ਤਿਆਰਤ ਕੀਤਾ ਗਿਆ ਹੋਵੇ, ਦਸਖ਼ਤ ਦੁਆਰਾ ਪ੍ਰਮਾਣੀਕ ਕੀਤੀਆਂ ਜਾਣਗੀਆਂ।

ਅਥਾਰਟੀ ਦੇ ਅਫ਼ਸਰਾਂ ਅਤੇ ਕਰਮਚਾਰੀਆਂ ਦਾ ਲੋਕ ਸੇਵਕ ਹੋਣਾ।

29. ਅਥਾਰਟੀ ਦੇ ਸਭ ਅਫ਼ਸਰ ਅਤੇ ਕਰਮਚਾਰੀ, ਜਦ ਉਹ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਜਾਂ ਵਿਨਿਯਮ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਕਾਰਜ ਕਰ ਰਹੇ ਹੋਣ ਜਾਂ ਉਨ੍ਹਾਂ ਦਾ ਇਸ ਤਰ੍ਹਾਂ ਕਾਰਜ ਕਰਨਾ ਤਾਤਪਰਜਤ ਹੋਵੇ, ਭਾਰਤੀ ਦੰਡ ਸੰਘਤਾ ਦੀ ਧਾਰਾ 21 ਦੇ ਅਰਥ ਅੰਦਰ ਲੋਕ ਸੇਵਕ ਸਮਝੇ ਜਾਣਗੇ।

1860 ਦਾ 45

ਨੇਕ-ਨੀਤੀ ਵਿੱਚ ਕੀਤੀ ਕਾਰਵਾਈ ਦਾ ਬਚਾਉ

30. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਜਾਂ ਵਿਨਿਯਮ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਅਥਾਰਟੀ ਦੇ ਜਾਂ ਅਥਾਰਟੀ ਦੇ ਕਿਸੇ ਮੈਂਬਰ ਜਾਂ ਕਿਸੇ ਅਫ਼ਸਰ ਜਾਂ ਹੋਰ ਕਰਮਚਾਰੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਉਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

ਗਵਾਚੀ ਸੰਪਤੀ ਦੀ ਸੰਭਾਲ ਅਤੇ ਨਿਬੇੜਾ।

31. ਅਜਿਹੇ ਵਿਨਿਯਮਾਂ ਦੇ ਤਾਬੇ, ਜੋ ਅਥਾਰਟੀ ਇਸ ਬਾਰੇ ਬਣਾਏ, ਅਥਾਰਟੀ ਕਿਸੇ ਸੰਪੱਤੀ ਦੀ ਸੁਰੱਖਿਅਤ ਨਿਗਰਾਨੀ ਅਤੇ ਉਸਦੀ ਮੁੜ ਸਥਾਪਣਾ ਯਕੀਨੀ ਬਣਾਉਣ ਲਈ ਉਪਬੰਧ ਕਰੇਗੀ ਜੋ ਉਸ ਸਮੇਂ ਜਦ ਉਹ ਉੱਚਿਤ ਸੰਭਾਲ ਵਿੱਚ ਨਾ ਹੋਵੇ, ਅਥਾਰਟੀ ਦੇ ਜਾਂ ਉਸ ਦੇ ਸਮੁੱਚੇ ਕੰਟਰੋਲ ਅਧੀਨ ਕਿਸੇ ਇਹਾਤੇ ਵਿੱਚ ਪਾਈ ਜਾਵੇ।

ਅਥਾਰਟੀ ਦਾ ਅਧਿਲੰਘਣ ਕਰਨ ਦੀ ਕੇਂਦਰੀ ਸਰਕਾਰ ਦੀ ਸ਼ਕਤੀ।

32. (1) ਜੇ ਕਿਸੇ ਸਮੇਂ ਕੇਂਦਰੀ ਸਰਕਾਰ ਦੀ ਇਹ ਰਾਏ ਹੈ ਕਿ :-

(ੳ) ਗੰਭੀਰ ਸੰਕਟ ਦੇ ਕਾਰਣ ਅਥਾਰਟੀ, ਇਸ ਐਕਟ ਦੇ ਉਪਬੰਧਾਂ ਦੁਆਰਾ ਜਾਂ ਉਨ੍ਹਾਂ ਦੇ ਅਧੀਨ, ਉਸ ਤੇ ਅਰੋਪ ਕਾਜਕਾਰਾਂ ਅਤੇ ਕਰਤੱਵਾਂ ਦੇ ਨਿਭਾਉਣ ਤੋਂ ਅਸਮਰਥ ਹੈ; ਜਾਂ

(ਅ) ਅਥਾਰਟੀ ਦੇ ਕੇਂਦਰੀ ਸਰਕਾਰ ਦੁਆਰਾ ਇਸ ਐਕਟ ਅਧੀਨ ਜਾਰੀ ਕੀਤੇ ਗਏ ਕਿਸੇ ਨਿਦੇਸ਼ ਦੀ ਪਾਲਣਾ ਕਰਨ ਵਿੱਚ ਜਾਂ ਇਸ ਐਕਟ ਦੇ ਉਪਬੰਧਾਂ ਦੁਆਰਾ ਜਾਂ ਉਨ੍ਹਾਂ ਦੇ ਅਧੀਨ ਉਸ ਤੇ ਅਰੋਪੇ ਕਾਜਕਾਰਾਂ ਅਤੇ ਕਰਤੱਵਾਂ ਦੇ ਨਿਭਾਉਣ ਵਿੱਚ ਲਗਾਤਾਰ ਕੁਤਾਹੀ ਕੀਤੀ ਹੈ ਅਤੇ ਉਸ ਕੁਤਾਹੀ ਦੇ ਨਤੀਜੇ ਵਜੋਂ ਅਥਾਰਟੀ ਦੀ ਵਿੱਤੀ ਸਥਿੱਤੀ ਜਾਂ ਕਿਸੇ ਏਕੀਕ੍ਰਿਤ ਜਾਂਚ ਚੌਂਕੀ ਦਾ ਪ੍ਰਸ਼ਾਸਨ ਖ਼ਰਾਬ ਹੋਇਆ ਹੈ; ਜਾਂ

(ੲ) ਅਜਿਹੇ ਹਾਲਾਤ ਮੌਜੂਦ ਹਨ, ਜਿਨ੍ਹਾਂ ਦੇ ਕਾਰਨ ਲੋਕਹਿੱਤ ਵਿੱਚ ਅਜਿਹਾ ਕਰਨਾ ਜ਼ਰੂਰੀ ਹੋ ਗਿਆ ਹੋਵੇ,

ਤਾਂ ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਛੇ ਮਹੀਨੇ ਤੋਂ ਨਾ ਵੱਧ ਦੀ ਅਜਿਹੀ ਮੁੱਦਤ ਦੇ ਲਈ ਜੋ ਅਧਿਸੂਚਨਾ ਵਿੱਚ ਉਲਿੱਖਤ ਕੀਤੀ ਜਾਵੇ, ਅਥਾਰਟੀ ਦਾ ਅਧਿਲੰਘਣ ਕਰ ਸਕੇਗੀ:

ਪਰੰਤੂ ਖੰਡ (ਅ) ਵਿੱਚ ਜਿਕਰ ਕੀਤੇ ਕਾਰਨਾਂ ਕਰਕੇ ਇਸ ਉਪ-ਧਾਰਾ ਅਧੀਨ ਕੋਈ ਅਧਿਸੂਚਨਾ ਜਾਰੀ ਕਰਨ ਤੋਂ ਪਹਿਲਾਂ, ਕੇਂਦਰੀ ਸਰਕਾਰ ਅਥਾਰਟੀ ਨੂੰ ਇਹ ਕਾਰਣ ਦੱਸਣ ਲਈ ਵਾਜਬ ਮੌਕਾ ਦੇਵੇਗੀ ਕਿ ਉਸ ਦਾ ਅਧਿਲੰਘਣ ਕਿਉਂ ਨਾ ਕੀਤਾ ਜਾਵੇ ਅਤੇ ਅਥਾਰਟੀ ਦੇ ਸਪਸ਼ਟੀਕਰਨ ਅਤੇ ਇਤਰਾਜ਼ਾਂ ਤੇ, ਜੇ ਕੋਈ ਹੋਣ, ਵਿਚਾਰ ਕਰੇਗੀ।

(2) ਉਪ-ਧਾਰਾ (1) ਅਧੀਨ ਅਥਾਰਟੀ ਦਾ ਅਧਿਲੰਘਣ ਕਰਨ ਵਾਲੀ ਅਧਿਸੂਚਨਾ ਦੇ ਪ੍ਰਕਾਸ਼ਨ ਤੇ, --

(ੳ) ਸਾਰੇ ਮੈਂਬਰ, ਅਧਿਲੰਘਣ ਦੀ ਤਰੀਕ ਤੋਂ, ਅਜਿਹੇ ਰੂਪ ਵਿੱਚ ਆਪਣੇ ਅਹੁਦੇ ਖ਼ਾਲੀ ਕਰ ਦੇਣਗੇ;

(ਅ) ਉਹ ਸਾਰੀਆਂ ਸ਼ਕਤੀਆਂ, ਕਾਜਕਾਰਾਂ ਅਤੇ ਕਰਤੱਵਾਂ ਦਾ, ਜਿੰਨ੍ਹਾਂ ਦੀ ਵਰਤੋਂ ਜਾਂ ਨਿਭਾਉਣਾ, ਇਸ ਐਕਟ ਦੇ ਉਪਬੰਧਾਂ ਦੁਆਰਾ ਜਾਂ ਉਨ੍ਹਾਂ ਦੇ ਅਧੀਨ ਅਥਾਰਟੀ ਦੁਆਰਾ ਜਾਂ ਉਸ ਦੇ ਬਾਰੇ ਕੀਤਾ ਜਾ ਸਕਦਾ ਹੈ, ਦੀ ਵਰਤੋਂ ਜਾਂ ਨਿਭਾਉਣਾ ਉਪ-ਧਾਰਾ (3) ਅਧੀਨ ਪੁਨਰ-ਗਠਨ ਕੀਤੇ ਜਾਣ ਤੱਕ, ਅਜਿਹੇ ਵਿਅਕਤੀ ਜਾਂ ਵਿਅਕਤੀਆਂ ਦੁਆਰਾਂ ਕੀਤਾ ਜਾਵੇਗਾ, ਜਿੰਨ੍ਹਾਂ ਨੂੰ ਕੇਂਦਰੀ ਸਰਕਾਰ ਨਿਦੇਸ਼ ਦੇਵੇ; ਅਤੇ

(ੲ) ਉਪ-ਧਾਰਾ (3) ਦੇ ਅਧੀਨ ਅਥਾਰਟੀ ਦੇ ਪੁਨਰ-ਗਠਨ ਕੀਤੇ ਜਾਣ ਤੱਕ, ਅਥਾਰਟੀ ਦੀ ਮਾਲਕੀ ਜਾਂ ਕੰਟਰੋਲ ਅਧੀਨ ਸਾਰੀ ਸੰਪੱਤੀ ਕੇਂਦਰੀ ਸਰਕਾਰ ਵਿੱਚ ਨਿਹਿਤ ਹੋਵੇਗੀ।

(3) ਉਪ-ਧਾਰਾ (1) ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਵਿੱਚ ਉਲਿੱਖਤ ਅਧਿਲੰਘਣ ਦੀ ਮੁੱਦਤ ਦੇ ਗੁਜ਼ਰਨ ਤੇ ਕੇਂਦਰੀ ਸਰਕਾਰ, ---

(ੳ) ਅਧਿਲੰਘਣ ਦੀ ਮੁੱਦਤ ਨੂੰ ਛੇ ਮਹੀਨੇ ਤੋਂ ਨਾ ਵੱਧ ਦੀ ਅਜਿਹੀ ਅਉਧ ਲਈ ਵਧਾ ਸਕੇਗੀ ਜਿੰਨੀ ਉਹ ਜ਼ਰੂਰੀ ਸਮਝੇ; ਜਾਂ

(ਅ) ਨਵੀਂ ਨਿਯੁਕਤੀ ਦੁਆਰਾ ਅਥਾਰਟੀ ਨੂੰ ਮੁੜ-ਗਠਤ ਕਰ ਸਕੇਗੀ ਅਤੇ ਅਜਿਹੀ ਸੂਰਤ ਵਿੱਚ ਉਹ ਮੈਂਬਰ ਜਿੰਨ੍ਹਾਂ ਨੇ ਉਪ-ਧਾਰਾ (2) ਦੇ ਖੰਡ (ੳ) ਅਧੀਨ ਅਹੁਦੇ ਖ਼ਾਲੀ ਕੀਤੇ ਸਨ, ਨਿਯੁਕਤੀ ਦੇ ਲਈ ਅਯੋਗ ਨਹੀਂ ਸਮਝੇ ਜਾਣਗੇ:

ਪਰੰਤੂ ਕੇਂਦਰੀ ਸਰਕਾਰ, ਉਪ-ਧਾਰਾ (1) ਦੇ ਅਧੀਨ ਮੂਲ ਰੂਪ ਵਿੱਚ ਉਲਿੱਖਤ ਜਾਂ ਇਸ ਉਪ-ਧਾਰਾ ਅਧੀਨ ਵਧਾਈ ਗਈ ਅਧਿਲੰਘਣ ਦੀ ਮੁੱਦਤ ਦੇ ਗੁਜ਼ਰਨ ਤੋਂ ਪਹਿਲਾਂ ਕਿਸੇ ਵੀ ਸਮੇਂ, ਇਸ ਉਪ-ਧਾਰਾ ਦੇ ਖੰਡ (ਅ) ਦੇ ਅਧੀਨ ਕਾਰਵਾਈ ਕਰ ਸਕੇਗੀ।

(4) ਕੇਂਦਰੀ ਸਰਕਾਰ, ਉਪ-ਧਾਰਾ (1) ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਨੂੰ ਅਤੇ ਇਸ ਧਾਰਾ ਅਧੀਨ ਕੀਤੀ ਗਈ ਕਿਸੇ ਕਾਰਵਾਈ ਦੀ ਅਤੇ ਉਨ੍ਹਾਂ ਹਾਲਾਤਾਂ ਦੀ, ਜਿੰਨ੍ਹਾਂ ਦੇ ਕਾਰਨ ਅਜਿਹੀ ਕਾਰਵਾਈ ਕੀਤੀ ਗਈ, ਦੀ ਪੂਰੀ ਰਿਪੋਟ ਸੰਸਦ ਦੇ ਤੁਰੰਤ ਅਗਾਮੀ ਇਜਲਾਸ ਵਿੱਚ ਸੰਸਦ ਦੇ ਦੋਹਾਂ ਸਦਨਾਂ ਅੱਗੇ ਰਖਵਾਏਗੀ।

ਕੇਂਦਰੀ ਸਰਕਾਰ ਦੀ ਨਿਦੇਸ਼ ਜਾਰੀ ਕਰਨ ਦੀ ਸ਼ਕਤੀ।

33. (1) ਇਸ ਐਕਟ ਦੇ ਪੂਰਵਗਾਮੀ ਉਪਬੰਧਾਂ ਤੇ ਪ੍ਰਤੀਕੁਲ ਪ੍ਰਭਾਵ ਪਾਏ ਬਿਨਾਂ, ਅਥਾਰਟੀ, ਇਸ ਐਕਟ ਦੇ ਅਧੀਨ ਆਪਣੇ ਕਾਜਕਾਰਾਂ ਅਤੇ ਕਰਤੱਵਾਂ ਦੇ ਨਿਭਾਉਣ ਵਿੱਚ ਨੀਤੀ ਦੇ ਸਵਾਲਾਂ ਤੇ ਅਜਿਹੇ ਨਿਦੇਸ਼ਾਂ ਦੀ ਪਾਬੰਦ ਹੋਵੇਗੀ ਜੋ ਕੇਂਦਰੀ ਸਰਕਾਰ ਲਿਖਤੀ ਰੂਪ ਵਿੱਚ ਸਮੇਂ ਸਮੇਂ ਤੇ ਉਸ ਨੂੰ ਦੇਵੇ :

ਪਰੰਤੂ ਇਸ ਉਪ-ਧਾਰਾ ਦੇ ਅਧੀਨ ਕੋਈ ਨਿਦੇਸ਼ ਦਿੱਤੇ ਜਾਣ ਤੋਂ ਪਹਿਲਾਂ, ਜਿੱਥੋਂ ਤੱਕ ਅਮਲਯੋਗ ਹੋਵੇ, ਅਥਾਰਟੀ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ ਜਾਵੇਗਾ।

(2) ਕੋਈ ਸਵਾਲ ਨੀਤੀ ਦਾ ਵਿਸ਼ਾ ਹੈ ਜਾਂ ਨਹੀਂ ਇਸ ਸੰਬੰਧ ਵਿੱਚ ਕੇਂਦਰੀ ਸਰਕਾਰ ਦਾ ਨਿਰਣਾ ਅੰਤਮ ਹੋਵੇਗਾ।

(3) ਕੇਂਦਰੀ ਸਰਕਾਰ ਅਥਾਰਟੀ ਨੂੰ ਧਾਰਾ 11 ਦੀ ਉਪ-ਧਾਰਾ (2) ਦੇ ਖੰਡਾਂ ਦੇ ਅਧੀਨ ਆਪਣੇ ਕਾਜਕਾਰਾਂ ਨੂੰ ਨਿਭਾਉਣ ਸੰਬੰਧੀ ਸਮੇਂ ਸਮੇਂ ਤੇ ਨਿਦੇਸ਼ ਜਾਰੀ ਕਰ ਸਕੇਗੀ ਅਤੇ ਅਥਾਰਟੀ ਅਜਿਹੇ ਨਿਦੇਸ਼ਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ।

ਨਿਯਮ ਬਣਾਉਣ ਦੀ ਸ਼ਕਤੀ।

34. (1) ਕੇਂਦਰੀ ਸਰਕਾਰ ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੇ --

(ੳ) ਧਾਰਾ 5 ਦੀ ਉਪ-ਧਾਰਾ (2) ਅਧੀਨ ਅਥਾਰਟੀ ਦੇ ਮੈਂਬਰਾਂ ਦੀ ਸੇਵਾ ਦੀਆਂ ਹੋਰ ਸ਼ਰਤਾਂ;

(ਅ) ਨੋਟਿਸ ਦੀ ਮੁੱਦਤ, ਜੋ ਧਾਰਾ 5 ਦੀ ਉਪ-ਧਾਰਾ (3) ਦੇ ਅਧੀਨ ਕਿਸੇ ਮੈਂਬਰ ਦੁਆਰਾ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਲਈ, ਦਿੱਤੀ ਜਾਵੇ;

(ੲ) ਉਹ ਤਰੀਕਾ ਜਿਸ ਵਿੱਚ ਧਾਰਾ 21 ਦੀ ਉਪ-ਧਾਰਾ (3) ਦੇ ਖੰਡ (ਅ) ਦੇ ਅਧੀਨ ਅਥਾਰਟੀ ਆਪਣੇ ਫ਼ੰਡਾ ਦਾ ਨਿਵੇਸ਼ ਕਰ ਸਕੇਗੀ;

(ਸ) ਉਹ ਫ਼ਾਰਮ, ਜਿਸ ਵਿੱਚ ਅਥਾਰਟੀ ਦੁਆਰਾ ਧਾਰਾ 25 ਦੀ ਉਪ-ਧਾਰਾ

(1) ਦੇ ਅਧੀਨ ਲੇਖਿਆਂ ਦਾ ਸਲਾਨਾ ਵਿਵਰਣ ਤਿਆਰ ਕੀਤਾ ਜਾਵੇ ਗਾ;

(ਹ) ਉਹ ਫ਼ਾਰਮ ਜਿਸ ਵਿੱਚ ਅਥਾਰਟੀ ਆਪਣੀਆਂ ਸਰਗਰਮੀਆਂ ਦਾ ਲੇਖਾ ਜੋਖਾ ਦਿੰਦੇ ਹੋਏ ਧਾਰਾ 26 ਦੀ ਉਪ-ਧਾਰਾ (1) ਦੇ ਅਧੀਨ ਇਕ ਰਿਪੋਟ ਤਿਆਰ ਕਰੇਗੀ ਅਤੇ ਕੇਂਦਰੀ ਸਰਕਾਰ ਨੂੰ ਪੇਸ਼ ਕਰੇ ਗੀ;

(ਕ) ਕੋਈ ਹੋਰ ਵਿਸ਼ਾ ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਮੁਕੱਰਰ ਕੀਤਾ ਜਾ ਸਕਦਾ ਹੈ।

ਵਿਨਿਯਮ ਬਣਾਉਣ ਦੀ ਸ਼ਕਤੀ।

35. (1) ਅਥਾਰਟੀ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਮੰਤਵ ਲਈ ਕੇਂਦਰੀ ਸਰਕਾਰ ਦੀ ਪੂਰਵ-ਪਰਵਾਨਗੀ ਨਾਲ ਅਜਿਹੇ ਵਿਨਿਯਮ ਬਣਾ ਸਕੇਗੀ, ਜੋ ਇਸ ਐਕਟ ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਦੇ ਅਸੰਗਤ ਨਾ ਹੋਣ।

(2) ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ਼ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ ਹੇਠ-ਲਿਖਿਆਂ ਦੇ ਲਈ ਉਪਬੰਧ ਕਰ ਸਕਣਗੇ--

(ੳ) ਧਾਰਾ 8 ਦੀ ਉਪ-ਧਾਰਾ (1) ਅਧੀਨ ਅਥਾਰਟੀ ਦੀਆਂ ਇਕੱਤਰਤਾਵਾਂ ਦਾ ਸਮਾਂ ਅਤੇ ਸਥਾਨ ਅਤੇ ਅਜਿਹੀਆਂ ਇਕੱਤਰਤਾਵਾਂ ਵਿੱਚ ਕਾਰਜ ਨੇਪਰੇ ਚਾੜ੍ਹਨ ਦੇ ਲਈ ਅਪਣਾਇਆ ਜਾਣ ਵਾਲਾ ਜ਼ਾਬਤਾ ਜਿਸ ਦੇ ਵਿੱਚ ਕੋਰਮ ਵੀ ਸ਼ਾਮਲ ਹੈ;

(ਅ) ਧਾਰਾ 10 ਦੀ ਉਪ-ਧਾਰਾ (2) ਦੇ ਅਧੀਨ ਅਥਾਰਟੀ ਦੁਆਰਾ ਨਿਯੁਕਤ ਕੀਤੇ ਜਾਣ ਵਾਲੇ ਅਫ਼ਸਰਾਂ ਅਤੇ ਹੋਰ ਕਰਮਚਾਰੀਆਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਮਿਹਨਤਾਨਾ;

(ੲ) ਧਾਰਾ 18 ਦੀ ਉਪ-ਧਾਰਾ (1) ਦੇ ਅਧੀਨ ਅਥਾਰਟੀ ਦੀ ਸਾਂਝੀ ਮੁਹਰ ਨਾਲ ਮੁਹਰਬੰਦ ਕੀਤੇ ਜਾਣ ਵਾਲੇ ਮੁਆਇਦੇ ਅਤੇ ਉਪ-ਧਾਰਾ (2) ਦੇ ਅਧੀਨ ਅਥਾਰਟੀ ਦੁਆਰਾ ਕੀਤੇ ਜਾਣ ਵਾਲੇ ਮੁਆਇਦਿਆਂ ਦਾ ਫ਼ਾਰਮ ਅਤੇ ਤਰੀਕਾ;

(ਸ) ਧਾਰਾ 19 ਦੀ ਉਪ-ਧਾਰਾ (1) ਦੇ ਅਧੀਨ ਅਥਾਰਟੀ ਦੁਆਰਾ ਵਸੂਲ ਕੀਤੀ ਜਾਣ ਵਾਲੀ ਫ਼ੀਸ ਅਤੇ ਕਿਰਾਇਆ;

(ਹ) ਗੁਆਚੀ ਹੋਈ ਸੰਪੱਤੀ ਦੀ ਸੰਭਾਲ ਅਤੇ ਮੋੜਿਆ ਜਾਣਾ ਅਤੇ ਉਹ ਨਿਬੰਧਨ ਅਤੇ ਸ਼ਰਤਾਂ ਜਿੰਨ੍ਹਾਂ ਅਧੀਨ ਗੁਆਚੀ ਹੋਈ ਸੰਪੱਤੀ ਨੂੰ ਧਾਰਾ 31 ਅਧੀਨ ਉਸ ਦੇ ਹੱਕਦਾਰ ਵਿਅਕਤੀਆਂ ਨੂੰ ਮੋੜਿਆ ਜਾ ਸਕੇ ਗਾ।

ਨਿਯਮਾਂ, ਵਿਨਿਯਮਾਂ ਅਤੇ ਅਧਿਸੂਚਨਾਵਾਂ ਦਾ ਸੰਸਦ ਅੱਗੇ ਰੱਖਿਆ ਜਾਣਾ।

36. ਇਸ ਐਕਟ ਅਧੀਨ ਬਣਾਏ ਗਏ ਹਰਿਕ ਨਿਯਮ, ਅਤੇ ਹਰਿਕ ਵਿਨਿਯਮ ਜਾਂ ਜਾਰੀ ਕੀਤੀ ਗਈ ਅਧਿਸੂਚਨਾ, ਉਸ ਦੇ ਬਣਾਏ ਜਾਣ ਜਾਂ ਜਾਰੀ ਕੀਤੇ ਜਾਣ ਦੇ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ ਜਦ ਉਹ ਇਜਲਾਸ ਵਿੱਚ ਹੈ, ਤੀਹ ਦਿਨਾਂ ਦੀ ਕੁੱਲ ਮੁੱਦਤ ਲਈ, ਜੋ ਇਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਲਗਾਤਾਰ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਰੱਖੀ ਜਾਵੇਗੀ, ਅਤੇ ਜੇਕਰ, ਉਪਰੋਕਤ ਇਜਲਾਸ ਜਾਂ ਲਗਾਤਾਰ ਇਜਲਾਸਾਂ ਤੋਂ ਤੁਰੰਤ ਮਗਰੋਂ ਹੋਣ ਵਾਲੇ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ, ਦੋਵੇਂ ਸਦਨ, ਜਿਹੀ ਕਿ ਸੂਰਤ ਹੋਵੇ, ਉਸ ਨਿਯਮ, ਵਿਨਿਯਮ ਜਾਂ ਅਧਿਸੂਚਨਾ ਵਿੱਚ ਕੋਈ ਰੂਪ ਭੇਦ ਕਰਨ ਲਈ ਸਹਿਮਤ ਹੋ ਜਾਦੇਂ ਹਨ, ਜਾਂ ਦੋਂਵੇ ਸਦਨ ਸਹਿਮਤ ਹੋ ਜਾਂਦੇ ਹਨ; ਜਿਹੀ ਕਿ ਸੂਰਤ ਹੋਵੇ, ਉਹ ਨਿਯਮ ਜਾਂ ਵਿਨਿਯਮ ਨਹੀ ਬਣਾਇਆ ਜਾਣਾ ਚਾਹੀਦਾ, ਜਾਂ ਅਧਿਸੂਚਨਾ ਜਾਰੀ ਨਹੀ ਕੀਤੀ ਜਾਣੀ ਚਾਹੀਦੀ ਤਾਂ ਉਸ ਪਿਛੋਂ ਉਹ ਨਿਯਮ, ਵਿਨਿਯਮ ਜਾਂ ਅਧਿਸੂਚਨਾ, ਜਿਹੀ ਕਿ ਸੂਰਤ ਹੋਵੇ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗੀ; ਇਸ ਕਰਕੇ,

ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ, ਵਿਨਿਯਮ ਜਾਂ ਅਧਿਸੂਚਨਾ ਅਧੀਨ ਪਹਿਲਾਂ ਕੀਤੀ ਗਈ ਕਿਸੇ ਕਾਰਵਾਈ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਕਠਨਾਈਆਂ ਦੂਰ ਕਰਨ ਦੀ ਸਕਤੀ।

37. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਹੁੰਦੀ ਹੈ ਤਾਂ ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਸਧਾਰਨ ਜਾਂ ਵਿਸ਼ੇਸ਼ ਹੁਕਮ ਦੁਆਰਾ, ਅਜਿਹਾ ਉਪਬੰਧ ਕਰ ਸਕੇਗੀ, ਜੋ ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਾ ਹੋਣ, ਜੋ ਕਠਨਾਈ ਨੂੰ ਦੂਰ ਕਰਨ ਲਈ ਉਸ ਨੂੰ ਜ਼ਰੂਰੀ ਜਾਂ ਹਲਾਤ ਅਨੁਸਾਰ ਉਚਿੱਤ ਪ੍ਰਤੀਤ ਹੋਣ:

ਪਰੰਤੂ ਅਜਿਹਾ ਕੋਈ ਹੁਕਮ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮਿਆਦ ਦੇ ਗੁਜ਼ਰਨ ਪਿੱਛੋਂ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਦੇ ਅਧੀਨ ਕੀਤਾ ਗਿਆ ਹਰਿਕ ਹੁਕਮ ਇਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ ਰੱਖਿਆ ਜਾਵੇਗਾ।

ਜੀ. ਨਾਰਾਇਣ ਰਾਜੂ
ਸਕੱਤਰ, ਭਾਰਤ ਸਰਕਾਰ।

Secretary to the Government of India.